# ਸਮਤਾ

ਸਤੰਬਰ 1988 (ਅੰਕ 100)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੁਲਵਿੰਦਰ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸਤੰਬਰ 1988
ਮੁੱਲ–ਦੋ ਰੁਪਏ
100

## ਸੰਪਾਦਕੀ ਟਿਪਣੀਆਂ :

○ **ਗੋਰਖਾ ਲੈਂਡ ਦਾ ਸੰਘਰਸ਼ :** ਪੱਛਮੀ ਬੰਗਾਲ, ਹਿੰਦ ਸਰਕਾਰ ਅਤੇ ਗੋਰਖਾ ਲੀਡਰਾਂ ਦੀ ਗਲਬਾਤ ਦੇ ਬਾਅਦ ਆਪਸੀ ਸਮਝੌਤੇ ਦੀ ਸ਼ਕਲ ਵਿਚ ਖਤਮ ਹੋ ਗਿਆ ਹੈ। ਦਾਰਜਲਿੰਗ ਵਿਚ ਹੁਣ ਅਮਨ ਅਮਾਨ ਹੋ ਗਿਆ ਹੈ। ਟੈਲੀਵੀਜਨ ਤੇ ਅਖਬਾਰਾਂ ਵਿਚ ਜੋ ਤਸਵੀਰਾਂ ਆਈਆਂ ਹਨ, ਸਾਧਾਰਨ ਲੋਕ ਇਸ ਸਮਝੌਤੇ ਉਤੇ ਖੁਸ਼ੀ ਜ਼ਾਹਰ ਕਰ ਰਹੇ ਹਨ। ਈਰਾਕ ਅਤੇ ਈਰਾਨ ਦੀ ਅੱਠ ਸਾਲਾਂ ਦੀ ਆਪਸੀ ਜੰਗ ਖਤਮ ਹੋ ਗਈ ਹੈ! ਇਹ ਜੰਗ ਸਮਝੌਤੇ ਅਨੁਸਾਰ 20 ਅਗਸਤ ਖਤਮ ਹੋਣੀ ਸੀ ਪਰ ਦੋਨੋਂ ਧਿਰਾਂ ਨੇ ਆਪਣੇ ਆਪ ਹੀ ਇਸਨੂੰ 10 ਅਗਸਤ ਹੀ ਖਤਮ ਕਰ ਦਿਤਾ। ਟੈਲੀਵੀਜਨ ਵਿਚ ਸਾਧਾਰਨ ਲੋਕ ਇਸ ਜੰਗ ਬੰਦੀ ਤੇ ਖੁਸ਼ੀ ਵਿਚ ਗਲੀਆਂ ਵਿਚ ਨਚਦੇ ਵਿਖਾਏ ਗਏ। ਸਾਧਾਰਨ ਲੋਕ ਅਮਨ ਤੇ ਸ਼ਾਂਤੀ ਚਹੁੰਦੇ ਹਨ। ਉਹ ਚੰਗੀ ਜ਼ਿੰਦਗੀ ਲਈ ਸੰਘਰਸ਼ ਕਰਨਾ ਚਾਹੁੰਦੇ ਹਨ ਪਰ ਕਤਲੋਗਾਰਤ ਨਹੀਂ ਚਾਹੁੰਦੇ। ਪੰਜਾਬ ਦੇ ਸਾਧਾਰਨ ਲੋਕ ਵੀ ਅਮਨ ਤੇ ਸ਼ਾਂਤੀ ਚਾਹੁੰਦੇ ਹਨ। ਅਖਬਾਰ ਖੋਲ੍ਹੋ ਤਾਂ ਰੋਜ਼ ਅੱਠ ਦਸ ਦੇ ਮਰਨ ਦੀ ਖਬਰ ਜ਼ਰੂਰ ਹੁੰਦੀ ਹੈ। ਪੰਜਾਬ ਦੇ ਸਿਆਣੇ ਲੋਕਾਂ ਨੂੰ ਜੰਗਬੰਦੀ ਬਾਰੇ ਇਕ ਸਰਵਵਿਆਪੀ ਲਾਮਬੰਦੀ ਕਰਨੀ ਚਾਹੀਦੀ ਹੈ। ਸਿਆਸੀ ਝਗੜੇ ਟੇਬਲ ਤੇ ਨਿਪਟਾਨ ਦੇ ਰਾਹ ਉਤੇ ਆਉਣਾ ਚਾਹੀਦਾ ਹੈ। ਇਹ ਮੰਨਿਆ ਹੋਇਆ ਰਾਹ ਹੈ। ਨੁਕਸਾਨ ਪੰਜਾਬੀ ਧੀਆਂ ਪੁਤਰਾਂ ਦਾ ਹੋ ਰਿਹਾ ਹੈ ਭਾਵੇਂ ਮਾਰਨ ਵਾਲੇ ਪੁਲਸ ਵਾਲੇ ਹਨ ਜਾਂ ਅਤਿਵਾਦੀ ਹਨ। ਦੁਨੀਆ ਸਿਆਣੀ ਹੋ ਰਹੀ ਹੈ। ਅਸੀਂ ਕਿਉਂ ਨਹੀਂ ਸਿਆਣੇ ਹੁੰਦੇ? ਜ਼ਰੂਰ ਨੁਕਸਾਨ ਤੇ ਨੁਕਸਾਨ ਹੀ ਕਰਵਾਉਣਾ ਹੈ? ਇਹ ਸਾਡੇ ਸਾਧਾਰਨ ਲੋਕਾਂ ਅੱਗੇ ਇਕ ਵੱਡਾ ਸਵਾਲ ਹੈ।

○ **ਪੰਜਾਬ ਪੁਲਸ ਵਿਚ ਜਰਾਇਮ ਪੇਸ਼ਾ ਲੋਕ ਭਰਤੀ ਕੀਤੇ ਹੋਏ ਹਨ :** ਇੰਸਪੈਕਟਰ ਦਿਲਬੀਰ ਸਿੰਘ, ਜਿਸਨੇ ਐਸ.ਐਸ.ਪੀ. ਸੀਤਲ ਦਾਸ ਅਤੇ ਐਸ.ਪੀ. ਬਰਾੜ ਨੂੰ ਮਾਰਿਆ ਹੈ, ਉਹਦੇ ਰੀਕਾਰਡ ਬਾਰੇ ਹੁਣ ਅਖਬਾਰਾਂ ਵਿਚ ਬੜੀਆਂ ਖਬਰਾਂ ਆ ਰਹੀਆਂ ਹਨ। ਉਹ ਇਕ ਪੂਰੀ ਤਰ੍ਹਾਂ ਬਦਮਾਸ਼ ਕਰੈਕਟਰ ਸੀ। ਉਹ ਚੋਰ ਸੀ, ਸਮਗਲਰ ਸੀ ਬਲੈਕ ਮੇਲਰ ਸੀ, ਉਹਨੇ ਚੰਡੀਗੜ੍ਹ ਅਤੇ ਪਟਿਆਲਾ ਰਖੇਲਾ ਰੱਖੀਆਂ ਹੋਈਆਂ ਸਨ। ਉਹਦੇ ਅਫਸਰਾਂ ਨੂੰ ਉਹਦੇ ਬਾਰੇ ਪਤਾ ਸੀ ਪਰ ਕਿਉਂਕਿ ਉਹ ਇਕ ਡਿਊਟੀ ਇਹ ਨਿਭਾਂਦਾ ਸੀ ਕਿ ਅਤਿਵਾਦੀਆਂ ਨੂੰ ਸੜਕਾਂ ਤੇ ਹੀ ਮਾਰ ਸਕਦਾ ਸੀ ਅਤੇ ਹਰ ਕਿਸਮ ਦੇ ਕਾਨੂੰਨ ਦੀਆਂ ਧੱਜੀਆਂ ਉਡਾ ਸਕਦਾ ਸੀ, ਇਸ ਲਈ ਉਹਦੇ ਸਾਰੇ ਜੁਰਮ ਮੁਆਫ ਸਨ। ਪੰਜਾਬ ਮਸਲੇ ਦੀ ਸਾਰਿਆਂ ਨਾਲੋਂ ਵੱਡੀ ਤ੍ਰਾਸਦੀ ਇਹੀ ਹੈ ਕਿ ਅਤਿਵਾਦੀਆਂ ਨੂੰ ਦਬਾਉਣ ਦੇ ਨਾਂ ਦੇ ਥੱਲੇ ਇਥੇ ਹਰ ਕਿਸਮ ਦੀ ਬਦਮਾਸ਼ੀ ਬਰਦਾਸ਼ਤ ਹੋ ਜਾਂਦੀ ਹੈ। ਪੁਲਸ ਦਾ ਸਾਰਿਆਂ ਨਾਲੋਂ ਵੱਡਾ ਅਫ਼ਸਰ ਵੀ ਸ਼ਰਾਬ ਦੇ ਨਸ਼ੇ ਵਿਚ ਔਰਤਾਂ ਨਾਲ ਛੇੜਖਾਨੀ ਕਰ ਸਕਦਾ ਹੈ ਕਿਉਂਕਿ ਉਹ ਅਪ੍ਰੇਸ਼ਨ ਕਾਲੀਗਰਜ ਦਾ ਹੀਰੋ ਹੈ।

○ **ਮਧੂ ਦੰਡਵਤੇ ਨੇ ਪਾਰਲੀਮੈਂਟ :** ਵਿਚ ਬੋਲਦੇ ਹੋਏ ਇਹ ਗੱਲ ਆਖੀ ਹੈ ਕਿ ਚਾਰ ਬੰਦੇ ਕਿਧਰੇ ਮਰ ਜਾਣ, ਕਿਸੇ ਕੁਦਰਤੀ ਆਫਤ ਨਾਲ ਕੋਈ ਮੌਤ ਹੋ ਜਾਏ ਤਾਂ ਪਾਰਲੀਮੈਂਟ ਅਫਸੋਸ ਜ਼ਾਹਰ ਕਰਦੀ ਹੈ। ਨਵੰਬਰ 1984 ਵਿਚ ਦਿੱਲੀ 2000 ਤੋਂ ਵੱਧ ਲੋਕ ਮਰ ਗਏ ਪਰ ਪਾਰਲੀਮੈਂਟ ਨੇ ਇਹਦੇ ਬਾਰੇ ਇਕ ਸ਼ਬਦ ਵੀ ਨਹੀਂ ਕਿਹਾ। ਉਹਨੇ ਇਹ ਦੱਸਿਆ ਕਿ ਪਿਛਲੇ 4 ਸਾਲਾਂ ਵਿਚ ਉਹਨੇ ਵੀਹ ਤੋਂ ਵੱਧ ਵਾਰ ਸਪੀਕਰ ਕੋਲੋਂ ਇਸ ਬਾਰੇ ਸਮਾਂ ਮੰਗਿਆ ਹੈ ਪਰ ਕਦੀ ਵੀ ਉਹਦੀ ਬੇਨਤੀ ਨੂੰ ਨਹੀਂ ਮੰਨਿਆ ਗਿਆ। ਲੀਡਰ ਆਫ ਦੀ ਹਾਊਸ (ਰਾਜੀਵ ਗਾਂਧੀ) ਨੇ ਜ਼ਾਤੀ ਦਿਲਚਸਪੀ ਲੈ ਕੇ ਉਹਦੀ ਬੇਨਤੀ ਨੂੰ ਹਰ ਹੀਲੇ ਰੱਦ ਕਰਵਾਇਆ ਹੈ। ਦੰਡਵਤੇ ਨੇ ਇਹ ਗੱਲ ਆਖੀ ਹੈ ਕਿ ਇਹ ਮਾਮਲਾ ਪਾਰਲੀਮੈਂਟ

ਵਿਚ ਉਠਾ ਨਾ ਸਕਣ ਦੀ ਅਸਮਰਥਾ ਕਰਕੇ ਉਹ ਸਾਰੀ ਉਮਰ ਆਪਣੀ ਜ਼ਮੀਰ ਅੱਗੇ ਸ਼ਰਮਿੰਦਾ ਮਹਿਸੂਸ ਕਰੇਗਾ।

ਕਈ ਵਾਰ ਇਹ ਸਵਾਲ ਉਠਦਾ ਹੈ ਕਿ ਭਾਰਤ ਦੇ ਸਿੱਖਾਂ ਵਿਚ ਬੇਗਾਨਗੀ ਦਾ ਅਹਿਸਾਸ ਕਦੋਂ ਖ਼ਤਮ ਹੋਵੇਗਾ ਤਾਂ ਇਹਦਾ ਇਕੋ ਜਵਾਬ ਹੈ ਕਿ ਇਹ ਅਹਿਸਾਸ ਰਾਜੀਵ ਦੇ ਗੱਦੀਓਂ ਲੈਣ ਤੋਂ ਬਾਅਦ ਹੀ ਖ਼ਤਮ ਹੋਵੇਗਾ। ਜਿਹੜੇ ਲੋਕ ਇਹ ਦਲੀਲ ਦੇਂਦੇ ਹਨ ਕਿ ਰਾਜੀਵ ਹੋਵੇ ਜਾਂ ਕੋਈ ਹੋਰ ਪ੍ਰਧਾਨ ਮੰਤਰੀ ਹੋਵੇ, ਭਾਰਤ ਦੀ ਹਾਲਤ ਵਿਚ ਕੋਈ ਫ਼ਰਕ ਨਹੀਂ ਪਵੇਗਾ, ਉਹਨਾਂ ਨੂੰ ਇਹ ਸਚਾਈ ਸਵੀਕਾਰ ਕਰਨੀ ਚਾਹੀਦੀ ਹੈ ਕਿ ਭਾਰਤ ਵਿਚ ਜਿਹੜੀ ਡੇਢ ਦੋ ਕਰੋੜ ਸਿੱਖਾਂ ਦੀ ਆਬਾਦੀ ਹੈ, ਉਹ ਭਾਰਤ ਦੇ ਟੱਬਰ ਵਿਚ ਤਾਂ ਹੀ ਆਪਣੀ ਸਤਿਕਾਰਯੋਗ ਥਾਂ ਲੈ ਸਕੇਗੀ, ਜੇ ਰਾਜੀਵ ਗੱਦੀਓਂ ਲਹਿੰਦਾ ਹੈ। ਭਾਰਤ ਦੀ ਏਕਤਾ ਦੇ ਜਿਹੜੇ ਮੁਦਈ ਹਨ, ਉਹਨਾਂ ਨੂੰ ਇਹ ਗੱਲ ਕਦੀ ਨਹੀਂ ਭੁਲਣੀ ਚਾਹੀਦੀ।

o **15 ਅਗਸਤ ਜਦੋਂ ਭਾਰਤ ਦਾ ਪ੍ਰਧਾਨ ਮੰਤਰੀ** : ਲਾਲ ਕਿਲੇ ਤੋਂ ਭਾਰਤ ਦੀ ਆਜ਼ਾਦੀ ਦੇ 41 ਸਾਲਾਂ ਦੀ ਪ੍ਰਾਪਤੀਆਂ ਦੀਆਂ ਫੜਾਂ ਮਾਰ ਰਿਹਾ ਸੀ ਤਾਂ 200 ਤੋਂ ਵੱਧ ਇਨਕਲਾਬੀ ਕੇਂਦਰ, ਪੰਜਾਬ ਦੇ ਵਰਕਰ ਝੰਡੇ ਤੇ ਮੋਟੋ ਚੁੱਕ ਕੇ ਸੜਦੀ ਧੁੱਪ ਵਿਚ ਗੁਰਾਇਆਂ ਤੋਂ ਰੁੜਕਾ ਦੇ ਰਸਤੇ ਨੂਰਮਹਿਲ ਵੱਲ ਮਾਰਚ ਕਰ ਰਹੇ ਸਨ। ਉਹਨਾਂ ਦੇ ਹੱਥਾਂ ਵਿਚ ਫੜੀਆਂ ਹੋਈਆਂ ਫੱਟੀਆਂ, ਹੇਠ ਲਿਖੀਆਂ ਪ੍ਰਾਪਤੀਆਂ ਦੀ ਨੰਗੀ ਤਸਵੀਰ ਪੇਸ਼ ਕਰ ਰਹੀਆਂ ਸਨ। ਭਾਰਤ ਵਿਚ 9 ਕਰੋੜ ਲੋਕ ਬੇਰੁਜ਼ਗਾਰ ਹਨ। 46 ਕ੍ਰੋੜ ਲੋਕ ਭੁੱਖ ਮਰੀ ਪੱਧਰ ਚੇ ਥੱਲੇ ਜੀ ਰਹੇ ਹਨ। 52 ਕ੍ਰੋੜ ਲੋਕ ਅਨਪੜ੍ਹ ਹਨ। 64 ਕ੍ਰੋੜ ਲੋਕ ਕਿਸੇ ਕਿਸਮ ਦੀ ਡਾਕਟਰੀ ਸਹੂਲਤ ਤੋਂ ਬਿਨਾ ਜੀ ਰਹੇ ਹਨ। ਦੋ ਕ੍ਰੋੜ ਬਚੇ ਖੁਰਾਕ ਨਾ ਮਿਲਣ ਕਰਕੇ ਹਰ ਸਾਲ ਅੰਨ੍ਹੇ ਜਾਂ ਅੱਧ ਅੰਨ੍ਹੇ ਹੋ ਜਾਂਦੇ ਹਨ। 5 ਕ੍ਰੋੜ ਲੋਕਾਂ ਨੂੰ ਪੀਣ ਦਾ ਪਾਣੀ 7 ਮੀਲ ਦੇ ਫ਼ਾਸਲੇ ਤੋਂ ਲਿਆਉਣਾ ਪੈਂਦਾ ਹੈ। 30 ਕਰੋੜ ਖੇਤ ਮਜ਼ਦੂਰਾਂ ਨੂੰ ਸਾਲ ਵਿਚ ਸਿਰਫ਼ 4 ਮਹੀਨੇ ਕੰਮ ਮਿਲਦਾ ਹੈ। ਹਜ਼ਾਰਾਂ ਲੋਕਾਂ ਨੇ ਇਨਕਲਾਬੀ ਕੇਂਦਰ ਦੇ ਇਸ ਕਾਫ਼ਲੇ ਦਾ ਸਵਾਗਤ ਕੀਤਾ ਅਤੇ ਲਾਲ ਝੰਡੇ ਨੂੰ ਮੁਕਤੀ ਦੇ ਝੰਡੇ ਵਜੋਂ ਲਾਲ ਸਲਾਮ ਦਿਤਾ। ਇਹ ਸੱਚ ਹੈ ਕਿ ਲੋਕਾਂ ਦੀ ਮੁਕਤੀ ਦਾ ਪ੍ਰੋਗਰਾਮ ਸਿਰਫ਼ ਲਾਲ ਝੰਡੇ ਕੋਲ ਹੀ ਹੈ ਅਤੇ ਇਸ ਦਾਅਵੇ ਨੂੰ ਬੜੇ ਵਿਸ਼ਵਾਸ਼ ਨਾਲ ਵੱਧ ਤੋਂ ਵੱਧ ਲੋਕਾਂ ਤਕ ਲੈਕੇ ਜਾਣ ਦੀ ਲੋੜ ਹੈ।

o **ਕਾਨੂੰਨੀ ਮਾਹਰਾਂ ਦਾ ਖਿਆਲ ਹੈ** : ਕਿ ਇਸ ਵੇਲੇ ਜੋ ਕਾਲੇ ਕਾਨੂੰਨ ਪੰਜਾਬ ਵਿਚ ਲਗੇ ਹੋਏ ਹਨ, ਇਹ ਇਕ ਵਿਅਕਤੀ ਕੋਲੋਂ ਜੀਣ ਦਾ ਬੁਨਿਆਦੀ ਹੱਕ ਖੋਹਦੇ ਹਨ ਤੇ ਇਹਦੇ ਨਾਲ ਦੇ ਕਾਲੇ ਕਾਨੂੰਨ ਦੁਨੀਆ ਵਿਚ ਸਿਵਾਏ ਦੱਖਣੀ ਅਫਰੀਕਾ ਵਿਚ ਹੋਰ ਕਿਧਰੇ ਨਹੀਂ ਜਿਥੇ ਕਾਲੇ ਲੋਕਾਂ ਕੋਲੋਂ ਜੀਣ ਦਾ ਹੱਕ ਇਸੇ ਤਰ੍ਹਾਂ ਖੋਹਿਆ ਗਿਆ ਹੈ, ਜਿਸ ਤਰ੍ਹਾਂ, ਪੰਜਾਬ ਵਿਚ ਸਾਧਾਰਨ ਬੰਦਿਆਂ ਕੋਲੋਂ ਖੋਹਿਆ ਗਿਆ ਹੈ ਤੇ ਇਹ ਫ਼ਿਕਰ ਵਾਲੀ ਗੱਲ ਵੀ ਹੈ ਤੇ ਸ਼ਰਮ ਵਾਲੀ ਗੱਲ ਵੀ ਹੈ। ਕਾਲੇ ਕਾਨੂੰਨਾਂ ਵਿਰੁੱਧ ਸੰਘਰਸ਼ ਦੀ ਸਖਤ ਲੋੜ ਹੈ।/ਗੁਰਸ਼ਰਨ ਸਿੰਘ

## ਧੂਰੀ ਵਿਚ ਤਰਕਸ਼ੀਲ ਸੋਸਾਇਟੀ ਵਲੋਂ ਸਮੀਕਾਰ

ਦਿਨ ਐਤਵਾਰ 18–9–88 ਸਥਾਨ ਗੌਰਮਿੰਟ ਗਰਲਜ਼ ਹਾਈ ਸਕੂਲ ਧੂਰੀ ਨੇੜੇ ਰੇਲਵੇ ਸਟੇਸ਼ਨ 9-00 ਸਵੇਰ ਤੋਂ 10-00 ਸਵੇਰ ਟਰਿਕ, 10-00 ਸਵੇਰ ਤੋਂ 11-30 ਵਜੇ ਪੇਪਰ (ਪਾਸ਼) ਵਹਿਮਾਂ ਭਰਮਾਂ ਦੇ ਕਾਰਨ ਅਤੇ ਬਹਿਸ 11-30—12-30 ਦੁਪਹਿਰ ਸ਼ੰਕਾ ਨਵਿਰਤੀ ਬੈਠਕ 12-30—1-30 ਅਹਿਮ ਬੁਲਾਰਿਆਂ ਦੇ ਭਾਸ਼ਨ 1-30—3-00 ਦੁਪਹਿਰ ਮਾਰਕਸਵਾਦ ਤੇ ਰੈਸਨਿਲਜ਼ਮ ਪੇਪਰ (ਰਾਜਿੰਦਰਪਾਲ) ਅਤੇ ਬਹਿਸ। ਵਿਚ ਵਿਚ ਗੀਤ ਸੰਗੀਤ ਹੋਵੇਗਾ।

ਤਰਸੇਮ ਲਾਲ

ਪ੍ਰਧਾਨ ਤਰਕਸ਼ੀਲ ਸੋਸਾਇਟੀ, ਧੂਰੀ।

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਗਿਆ ਛਪਾਈ ਚੰਨ ਪ੍ਰਿੰਟਿੰਗ ਪ੍ਰੈਸ, ਗੁਰੂ ਨਾਨਕਪੁਰਾ ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ—ਗੁਰੂ ਖਾਲਸਾ ਨਿਵਾਸ ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ–143002 ਸਾਲਾਨਾ ਚੰਦਾ—15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

ਸਮਤਾ ਦਾ ਟੈਲੀਫੂਨ ਨੰਬਰ 64786

ਕਹਾਣੀ—

# ਸੰਘ ਵਿਚ ਸੁੱਕ ਗਈ ਚੀਕ

ਹਮਦਰਦਵੀਰ ਨੌਸ਼ਹਿਰਵੀ

ਆਪਣੇ ਪੁੱਤਰ ਦੀ ਲਾਸ਼ ਨੂੰ ਗੋਦੀ ਵਿਚ ਲਈ ਉਹ ਚੁੱਪ ਚਾਪ ਬੈਠੀ ਸੀ। ਕਈ ਸਾਲਾਂ ਤੱਕ ਹੰਝੂ ਉਸਦਾ ਸਾਥ ਦਿੰਦੇ ਰਹੇ। ਪਰ ਅੱਜ ਤਾਂ ਹੰਝੂ ਵੀ ਸਾਥ ਛੱਡ ਗਏ ਸਨ। ਉਸ ਦੇ ਨੇਤਰਾਂ ਹੇਠਲਾ ਸਾਰਾ ਪਾਣੀ ਸੁੱਕ ਚੁੱਕਾ ਸੀ।

ਬੜੀ ਭਿਆਨਕ ਰਾਤ ਸੀ। ਚਾਰੇ ਪਾਸੇ ਦੂਰ ਤੱਕ ਫੈਲਿਆ ਹੋਇਆ ਹਨੇਰਾ। ਪਹਿਲਾਂ ਤਾਂ ਰਾਤ ਦੀ ਸ਼ਿਫਟ ਵੀ ਚਲਦੀ ਸੀ। ਨੇੜੇ ਹੀ ਵੱਡੇ ਬਲਬ ਜਗਦੇ ਸਨ। ਹੁਣ ਤਾ ਚਾਰੇ ਪਾਸੇ ਸੰਘਣਾ ਹਨੇਰਾ ਸੀ। ਰਾਤ ਦੀ ਸ਼ਿਫਟ ਬੰਦ ਕਰ ਦਿੱਤੀ ਗਈ ਸੀ। ਵੈਸੇ ਵੀ ਹੁਣ ਮਜ਼ਦੂਰਾਂ ਦੀ ਗਿਣਤੀ ਏਨੀ ਘਟ ਗਈ ਸੀ ਕਿ ਸਿਰਫ ਦਿਨ ਦੀ ਸ਼ਿਫਟ ਹੀ ਚੱਲ ਸਕਦੀ ਸੀ।

ਰਾਤ ਸ਼ਾਇਦ ਹਾਲੀ ਅੱਧੀ ਬਾਕੀ ਸੀ। ਕੀ ਹਾਲੀ ਸਿਰਫ ਅੱਧੀ ਰਾਤ ਹੀ ਬੀਤੀ ਸੀ? ਉਸ ਨੂੰ ਲੱਗ ਰਿਹਾ ਸੀ, ਅੱਜ ਦੀ ਰਾਤ ਸ਼ਾਇਦ ਕਦੀ ਵੀ ਖ਼ਤਮ ਨਾ ਹੋਵੇ। ਉਸ ਨੂੰ ਬੈਠਿਆਂ ਬੈਠਿਆਂ ਕਈ ਘੰਟੇ ਬੀਤ ਗਏ ਸਨ। ਜਿਵੇਂ ਕਈ ਸਦੀਆਂ ਇਸ ਤਰ੍ਹਾਂ ਹੀ ਹਨੇਰੇ ਵਿਚ ਬੈਠਿਆਂ ਬੀਤ ਗਈਆਂ ਹੋਣ।

ਗਹਿਰ ਜਹੀ ਸੀ। ਦਿਨੇ ਵੀ ਸੂਰਜ ਘੱਟੇ ਵਿਚ ਢਕਿਆ ਰਿਹਾ ਸੀ। ਅਸਮਾਨ ਬਿਲਕੁਲ ਸੁੰਨਾ ਸੀ। ਕੋਈ ਤਾਰਾ ਨਜ਼ਰ ਨਹੀਂ ਸੀ ਆ ਰਿਹਾ। ਚਾਰੇ ਪਾਸੇ ਗਰਮੀ ਨਾਲ ਅਧਮੋਇਆ ਜਿਹਾ ਘਾਹ ਸੀ—ਸਰਕੜਾ ਸੀ। ਪਰ ਕਿਧਰੇ ਵੀ ਕੋਈ ਜੁਗਨੂੰ ਨਜ਼ਰ ਨਹੀਂ ਸੀ ਆ ਰਿਹਾ।

ਕਿਧਰੇ ਦੂਰ ਨੇੜੇ ਕੋਈ ਜਾਨਵਰ ਵੀ ਬੋਲਦਾ ਨਹੀਂ ਸੀ ਸੁਣਾਈ ਦੇ ਰਿਹਾ। ਲੱਗਦਾ ਸੀ ਜਿਵੇਂ ਸਾਰੇ ਜਾਨਵਰ, ਪਸ਼ੂ ਪੰਛੀ—ਘੂਕ ਸੁੱਤੇ ਪਏ ਹੋਣ ਜਾਂ ਮਰ ਗਏ ਹੋਣ। ਟਿੱਡੀਆਂ, ਕੀੜਿਆਂ-ਮਕੌੜਿਆਂ ਦੀ ਘੁਲੀ ਮਿਲੀ ਟੀਂ ਟੀਂ ਦੀ ਆਵਾਜ਼ ਲਗਾਤਾਰ ਆ ਰਹੀ ਸੀ। ਇਕਸਾਰ। ਇਹ ਆਵਾਜ਼ ਰਾਤ ਦੇ ਸਨੱਾਟੇ ਨੂੰ ਹੋਰ ਵੀ ਭੈਭੀਤ ਕਰ ਰਹੀ ਸੀ।

ਉਸ ਨੇ ਆਪਣੇ ਲਾਗੋਂ ਦੀ ਕਿਸੇ ਜੰਤੂ ਦੇ ਰੀਂਗ ਕੇ ਤੁਰਨ ਦੀ ਸਰਸਰਾਹਟ ਮਹਿਸੂਸ ਕੀਤੀ। ਪਰ ਆਪਣੇ ਬਚਾ ਲਈ ਉਹ ਭੋਰਾ ਭਰ ਵੀ ਨਾ ਹਿੱਲੀ। ਨਾ ਚਿੱਲਾਈ ਚੀਕੀ। ਉਸ ਦੇ ਅੰਗ ਤਾ ਜਿਵੇਂ ਆਕੜ ਕੇ ਪੱਥਰ ਦੇ ਬਣ ਗਏ ਚੁੱਕੇ ਸਨ। ਉਸ ਦੇ ਸੰਘ ਵਿਚੋਂ ਚੀਕ ਪੁਕਾਰ ਮੁੱਕ ਚੁੱਕੀ ਸੀ।

ਸ਼ਾਇਦ ਰਾਤ ਦੇ ਰੰਗ ਵਰਗਾ ਕੋਈ ਕਾਲਾ ਨਾਗ ਉਸ ਨਾਲ ਖਹਿਕੇ ਝੌਂਪੜੀ ਪਾਰ ਕਰ ਗਿਆ ਸੀ।

ਉਸ ਦੀਆਂ ਦੋਵੇਂ ਸਾਥਣਾਂ ਬੜੀ ਰਾਤ ਗਈ ਤੱਕ ਉਸ਼ ਦੇ ਲਾਗੇ ਬੈਠੀਆਂ ਰਹੀਆਂ। ਰੋਂਦੀਆਂ ਰਹੀਆਂ। ਦਿਲਜੋਈਆਂ ਦਿੰਦੀਆਂ ਰਹੀਆਂ। ਤੇ ਫੇਰ ਉਥੇ ਹੀ ਟੇਢੀਆਂ ਹੋ ਗਈਆਂ। ਘੂਕ ਸੌਂ ਗਈਆਂ। ਦਿਨ ਭਰ ਦੀ ਸਖਤ ਮਿਹਨਤ ਦੀਆਂ ਭੰਨੀਆਂ ਹੋਈਆਂ ਹੋਣ ਕਰਕੇ ਨੀਂਦ ਨੇ ਛੇਤੀ ਹੀ ਆਪਣੀ ਜਕੜ ਵਿਚ ਲੈ ਲਈਆਂ।

ਪਰ ਧਰਮੀ ਨੂੰ ਨੀਂਦ ਕਿਥੇ? ਭਾਵੇਂ ਉਹ ਵੀ ਸਾਰਾ ਦਿਨ ਪਸੀਨੋ ਪਸੀਨਾ ਹੋਈ ਕੰਮ ਕਰਦੀ ਰਹੀ ਸੀ। ਸਾਰਾ ਦਿਨ ਕਾਂਗਰੂ ਵਾਂਗ ਆਪਣੇ ਬੀਮਾਰ ਬੱਚੇ ਨੂੰ ਛਾਤੀ ਨਾਲ ਲਾਈ ਬੈਠੀ ਪੱਥਰ ਤੋੜਦੀ ਰਹੀ ਸੀ। ਪਹਿਲਾਂ ਤਾਂ ਉਹ ਆਪਣੇ ਸਾਲ ਕੁ ਦੇ ਬੱਚੇ ਨੂੰ ਦੋ ਸਫੈਦਿਆਂ ਨਾਲ ਆਪਣੀ ਸਾਹੜੀ ਬੰਨ੍ਹ ਕੇ, ਝੋਲੀ ਬਣਾ ਕੇ, ਬੱਚੇ ਨੂੰ ਵਿਚ ਪਾ ਦਿੰਦੀ। ਭਰਿਆ ਤਸਲਾ ਖਾਲੀ ਖਾਲੀ ਕਰਕੇ ਆਉਂਦੀ, ਬੱਚੇ ਨੂੰ ਝੂਟਾ ਦੇ ਜਾਂਦੀ। ਵਿਚੋਂ ਵਾਰੋਂ ਦੁੱਧ ਚੁੰਘਾ ਜਾਂਦੀ। ਪਰ ਅੱਜ...।

ਹਨੇਰਾ ਹੁੰਦਿਆਂ ਬੱਚਾ ਹੋਰ ਵੀ ਨਿਢਾਲ ਹੋ ਗਿਆ। ਔਖੇ ਔਖੇ ਸਾਹ ਲੈਣ ਲੱਗਾ। ਉਸਦੀਆਂ ਦੋਹਾਂ ਸਾਥਣਾਂ ਨੂੰ ਫ਼ਿਕਰ ਹੋਇਆਂ। ਉਹਨਾਂ ਨੇ ਫੈਸਲਾ ਕੀਤਾ ਕਿ ਸਵੇਰੇ ਦਿਹਾੜੀ ਨਹੀਂ ਕਰਨੀ। ਬੱਚੇ ਨੂੰ ਜ਼ਰੂਰ ਸ਼ਹਿਰ ਹਸਪਤਾਲ ਲੈ ਕੇ ਜਾਣਾ ਹੈ।

ਦੋਹਾਂ ਸਾਥਣਾਂ ਨੇ ਇੱਟਾਂ ਦੇ ਚੁੱਲੇ ਉਤੇ ਚੌਲ ਉਬਾਲੇ। ਤਿੰਨ ਥਾਲੀਆਂ ਵਿਚ ਪਾਏ। ਪਰ ਧਰਮੀ ਚੌਲਾਂ ਨੂੰ ਮੂੰਹ ਨਾ ਲਾ ਸਕੀ। ਥਾਲੀ ਵਿਚ ਚੌਲ ਤੇ ਉੱਪਰ ਭੁੱਕੀਆਂ ਲੂਣ ਮਿਰਚਾਂ ਉਂਜ ਹੀ ਪਏ ਰਹੇ।

ਰਾਤ ਜਿਵੇਂ ਹਨੇਰੇ ਵਿਚ ਆਪਣਾ ਰਾਹ ਭੁੱਲ ਕੇ ਬੇਪਨਾਹ ਬੇਸਾਹ ਥਲਾਂ ਵਿਚ ਭਟਕ ਰਹੀ ਸੀ। ਪਿਆਸੀ। ਇਕੱਲੀ। ਇਕ ਇਕ ਪਲ ਜਿਵੇਂ ਹਜ਼ਾਰਾਂ ਮੀਲ ਲੰਬਾ ਹੋ ਗਿਆ ਹੋਵੇ।

ਪਰਾਈ ਧਰਤੀ। ਪਰਾਏ ਲੋਕ। ਆਪਣਾ ਏਥੇ ਕੌਣ ਸੀ? ਕੋਈ ਵੀ ਤਾਂ ਨਹੀਂ ਸੀ। ਨਾ ਕੋਈ ਅੰਗ, ਨਾ ਸਾਕ। ਨਾ ਕੋਈ ਸਾਥੀ, ਨਾ ਸੰਗੀ। ਨਾ ਕੋਈ ਗੰਵਾਂਢੀ, ਨਾ ਪਿੰਡ ਵਾਸੀ। ਕਿਸ ਦਾ ਸਹਾਰਾ ਢੂੰਡਾਂ। ਕਿਸ ਨੂੰ ਸਹਾਇਤਾ ਲਈ ਹਾਕ ਦਿਆਂ। ਭਿਆਨਕ ਰਾਤ। ਸੁੰਨਸਾਨ। ਬੀਆਬਾਨ। ਆਪਣੇ ਮੁਲਕ ਤੋਂ ਦੂਰ। ਅਜਨਬੀ ਦੇਸ਼।

ਆਪਣਾ ਮੁਲਕ! ਉੜੀਸਾ!

ਇਸ ਤਰ੍ਹਾਂ ਦੀ ਹੀ ਇਕ ਭਿਆਨਕ ਰਾਤ!

ਧਰਮੀ ਪੱਥਰ ਹੋਈ ਬੈਠੀ ਸੀ। ਉਸ ਦੇ

ਵੇਖਦਿਆਂ ਹੀ ਵੇਖਦਿਆਂ ਉਸ ਦਾ ਸਤ-ਅੱਠ ਮਹੀਨਿਆਂ ਦਾ ਪੁੱਤਰ ਦਮ ਤੋੜ ਗਿਆ ਸੀ। ਉਹ ਕੁਝ ਨਹੀਂ ਸੀ ਕਰ ਸਕੀ।

ਬੱਚਾ ਗੋਦ ਵਿਚ ਲਈ ਸਾਰੀ ਰਾਤ ਧਰਮੀ ਬੈਠੀ ਰਹੀ। ਰੋਂਦੀ ਰਹੀ। ਤੁਪਕਾ ਤੁਪਕਾ ਕਰਕੇ ਸਾਰੇ ਅੱਥਰੂ ਸੁੱਕ ਗਏ।

ਬੱਚਾ ਦੁਰਬਲ ਪੈਦਾ ਹੋਇਆ ਸੀ। ਕਮਜ਼ੋਰ ਮਾਂ ਦੇ ਪੇਟੋਂ ਭਲਾ ਸਿਹਤਮੰਦ ਬੱਚਾ ਕਿਵੇਂ ਪੈਦਾ ਹੋ ਸਕਦਾ ਸੀ? ਜਿੰਨਾਂ ਚਿਰ ਉਸ ਦੀਆਂ ਛਾਤੀਆਂ ਵਿਚੋਂ ਦੁੱਧ ਆਉਂਦਾ ਰਿਹਾ—ਉਹ ਆਪਣੇ ਬੇਟੇ ਨੂੰ ਦੁੱਧ ਪਿਆਂਦੀ ਰਹੀ। ਪਰ ਤੁਪਕਾ ਤੁਪਕਾ ਕਰਕੇ ਉਸ ਦੀਆਂ ਛਾਤੀਆਂ ਸੁੱਕ ਗਈਆਂ।

ਸਾਰੀ ਰਾਤ ਧਰਮੀ ਦਾ ਘਰਵਾਲਾ ਸੁਖੀਆ ਧਰਮੀ ਦੇ ਲਾਗੇ ਬੈਠਾ ਰਿਹਾ। ਉਸ ਨੂੰ ਦਿਲਾਸਾ ਦਿੰਦਾ ਰਿਹਾ। ਗਲੀ ਦੀਆਂ ਹੋਰ ਔਰਤਾਂ, ਸਾਰਾ ਭਾਈਚਾਰਾ, ਸਾਰੀ ਰਾਤ ਹੰਝੂ ਕੇਰਦਾ ਰਿਹਾ।

ਕਾਲਾ ਹਾਂਡੀ ਵਿਚ ਸਖਤ ਕਹਿਤ ਸੀ। ਕਹਿਤ ਵਰਗੀ ਹਾਲਤ ਭਾਵੇਂ ਇਥੇ ਸਦਾ ਹੀ ਰਹਿੰਦੀ ਸੀ। ਪਿਛਲੇ ਸਾਲ ਵੀ ਬਾਰਸ਼ ਨਹੀਂ ਸੀ ਪਈ ਅਤੇ ਇਸ ਸਾਲ ਵੀ ਬਾਰਸ਼ ਨੂੰ ਬਿਲਕੁਲ ਸਾਥ ਨਹੀਂ ਸੀ ਦਿੱਤਾ। ਸਖਤ ਔੜ ਸੀ। ਸੋਕਾ ਸੀ! ਬਾਰਸ਼ ਨਾ ਹੋਣ ਕਰਕੇ ਫਸਲ ਬੀਜੀ ਹੀ ਨਹੀਂ ਜਾ ਸਕੀ ਸੀ। ਜਿਥੇ ਕਿਧਰੇ ਮਾੜੀ ਮੋਟੀ ਫਸਲ ਬੀਜੀ ਗਈ ਸੀ। ਉਹ ਸੜ ਸੁੱਕ ਗਈ ਸੀ। ਘਾਹ ਦੀ ਕੋਈ ਤਿੜ੍ਹ ਵੀ ਹਰੀ ਨਹੀਂ ਸੀ ਬਚੀ। ਸਾਰੇ ਪਾਣੀ ਸੁੱਕ ਗਏ ਸਨ। ਕਾਲਾਹਾਂਡੀ ਤੇ ਬਹੁਤ ਸਾਰੇ ਲੋਕ ਭੁੱਖ ਦੁੱਖੋਂ ਮਰ ਗਏ ਸਨ ਜਾਂ ਘਰ ਬਾਰ ਛੱਡ ਗਏ ਸਨ।

ਸੁਖੀਆ ਤੇ ਧਰਮੀ ਨੇ ਆਪਣਾ ਪਿੰਡ ਨਹੀਂ ਸੀ ਛੱਡਿਆ। ਵਿਧਾਨ ਸਭਾ ਦੀਆਂ ਚੋਣਾਂ ਤੱਕ ਏਥੇ ਰਹਿਣਾ ਜ਼ਰੂਰੀ ਸੀ। ਉਹਨਾਂ ਦੇ ਆਪਣੇ ਇਲਾਕੇ ਵਿਚੋਂ ਮੁਖੀਆ ਜੀ ਚੋਣ ਲੜ ਰਹੇ ਸਨ। ਮੁਖੀਆ ਜੀ ਦੇ ਬੜੇ ਅਹਿਸਾਨ ਸਨ ਉਹਨਾਂ ਉਤੇ। ਮੁਖੀਆ ਜੀ ਦੇ ਮਜਬੂਰ ਕਰਨ ਉਤੇ ਵੋਟਾਂ ਪਾਉਣ ਤੱਕ ਉਹ ਏਥੇ ਰੁਕੇ ਸਨ।

ਮੁਖੀਆ ਜੀ ਐਮ.ਐਲ.ਏ. ਬਣ ਗਏ। ਸੁਖੀਆ ਤੇ ਧਰਮੀ ਕਾਫ਼ੀ ਸਮਾਂ ਹੋਰ ਰੁਕੇ ਰਹੇ। ਸ਼ਾਇਦ ਮੁਖੀਆ ਜੀ ਕੁਝ ਕਰਨ। ਸ਼ਾਇਦ ਦਿਨ ਪਰਤਣ।

ਧਰਮ—ਸੁਖੀਆ ਦਾ ਇਕਲੌਤਾ ਤੇ ਪਲੇਠਾ ਪੁੱਤਰ ਭੁੱਖਾ ਮਰ ਗਿਆ ਸੀ। ਭਾਵੇਂ ਸਰਕਾਰੀ ਡਾਕਟਰ ਨੇ ਕਿਹਾ ਸੀ ਕਿ ਬੱਚਾ ਭੁੱਖ ਕਰਕੇ ਨਹੀਂ—ਪੇਟ ਦੀਆਂ ਅੰਤੜੀਆਂ ਕਮਜ਼ੋਰ ਹੋਣ ਕਰਕੇ ਮਰਿਆ ਸੀ।

ਬਾਝ ਕੁੱਖ ਵਾਂਗ ਜ਼ਮੀਨ ਖਾਲੀ ਪਈ ਸੀ। ਅਣਚੋਪੜੀ ਬਾਸੀ ਰੋਟੀ ਵਾਂਗ ਜ਼ਮੀਨ ਆਕੜੀ ਪਈ ਸੀ। ਘੱਟਣਾ ਭਰੇ—ਕਿਸਮਤ ਰੇਖਾ-ਹੀਣ ਹੱਥਾਂ ਵਾਂਗ ਧਰਤੀ ਵੱਟਾਂ—ਆੜਾਂ ਹੀਣ ਹੋ ਗਈ ਸੀ।

ਬੜੀ ਮੁਸ਼ਕਿਲ ਨਾਲ ਸੁਖੀਆ ਨੇ 'ਆਪਣੀ ਜ਼ਮੀਨ' ਪੁੱਟੀ ਅਤੇ ਟੋਏ ਦੀ ਤਪਸ਼ ਵਿਚ ਆਪਣੇ ਪੁੱਤਰ ਨੂੰ ਬੀਜ ਵਾਂਗ ਪਾ ਦਿਤਾ।

ਅੱਜ ਦੀ ਖੂੰਨਖਾਰ ਰਾਤ।

ਉਸ ਰਾਤ ਦੇ ਸਾਏ ਤਾਂ ਆਪਣੇ ਸਨ—ਹਮਸਾਏ ਸਨ।

ਇਸ ਪਰਾਈ ਧਰਤੀ ਉਤੇ ਆਪਣੇ ਬੇਟੇ ਨੂੰ ਉਹ ਕਿਥੇ ਦਫਨਾਵੇਗੀ? ਕੌਣ ਮੋਢਾ ਦੇਵੇਗਾ।

ਨਹਿਰ ਪੱਕੀ ਕੀਤੀ ਜਾ ਰਹੀ ਸੀ। ਜਿਵੇਂ ਜਿਵੇਂ ਨਹਿਰ ਦਾ ਕੰਮ ਵਧਦਾ ਤਿਵੇਂ ਤਿਵੇਂ ਮਜ਼ਦੂਰਾਂ ਦੀਆਂ ਕੱਖਾਂ ਦੀਆਂ ਕੁੱਲੀਆਂ ਬਣਦੀਆਂ, ਢੱਠੀਆਂ, ਅੱਗੇ ਤੁਰਦੀਆਂ। ਬਾਰਸ਼ ਦਾ ਡਰ ਸੀ। ਬਾਰਸ਼ ਦਾ ਮੌਸਮ ਵੀ ਸੀ। ਠੇਕੇਦਾਰ ਚਾਹੁੰਦਾ ਸੀ ਕਿ ਬਾਰਸ਼ ਤੋਂ ਪਹਿਲਾਂ ਪਹਿਲਾਂ ਨਹਿਰ ਦਾ ਕੰਮ ਪੂਰਾ ਹੋ ਜਾਵੇ। ਰਾਤ ਦਿਨ—ਚੌਵੀ ਘੰਟੇ ਕੰਮ ਚਲ ਰਿਹਾ ਸੀ।

ਅਤਿਵਾਦੀਆਂ ਨੇ ਬਹੁਤ ਸਾਰੇ ਨਿਰਦੋਸ਼ ਪਰਵਾਸੀ ਮਜ਼ਦੂਰਾਂ ਨੂੰ ਰਾਤੀਂ ਸੁੱਤਿਆਂ ਪਿਆਂ ਗੋਲੀਆਂ ਨਾਲ ਭੁੰਨ ਦਿੱਤਾ। ਬੱਤੀ ਨਰ ਮਜ਼ਦੂਰ ਇਕ ਥਾਂ ਹੀ ਮਾਰੇ ਗਏ। ਬਾਕੀ ਬਚੇ ਮਜ਼ਦੂਰਾਂ ਵਿਚ ਦਹਿਸ਼ਤ ਫੈਲ ਗਈ। ਅਗਲੀ ਸਵੇਰ ਹੁੰਦਿਆਂ ਹੀ ਬਹੁਤ ਸਾਰੇ ਮਜ਼ਦੂਰ ਨਹਿਰ ਦਾ ਕੰਮ ਵਿਚੇ ਛੱਡ ਕੇ 'ਆਪਣੇ ਵਤਨਾਂ' ਵੱਲ ਕੂਚ ਕਰ ਗਏ।

ਸੁਖੀਆ ਵਾਪਸ ਕਾਲਾ ਹਾਂਡੀ ਵਿਖੇ ਆਪਣੇ ਪਿੰਡ ਨਹੀਂ ਸੀ ਜਾਣਾ ਚਾਹੁੰਦਾ। ਉਥੇ ਵੀ ਹੁਣ ਕੀ ਆਪਣਾ ਸੀ? ਉਥੇ ਭੁੱਖੇ ਮਰਨਾ ਸੀ ਤੇ ਏਥੇ...

ਧਰਮੀ ਨੇ ਉਸ ਨੂੰ ਆਪਣੇ ਵਤਨ ਜਾਣ ਲਈ ਮਜਬੂਰ ਕਰ ਦਿਤਾ। "ਜਾਨ ਨਾਲ ਹੀ ਜਹਾਨ ਹੈ। ਤੂੰ ਕਿਧਰੇ ਭੁੱਖਾ ਨਹੀਂ ਮਰਦਾ। ਮੈਂ ਏਥੇ ਰਹਾਂਗੀ। ਦਿਨ ਰਾਤ ਕੰਮ ਕਰਾਂਗੀ। ਤੈਨੂੰ ਪੈਸੇ ਭੇਜਾਂਗੀ। ਔਰਤਾਂ ਨੂੰ ਏਥੇ ਕੋਈ ਡਰ ਨਹੀਂ। ਤੂੰ ਜਾ।"

ਸੂਰਜ ਚੜ੍ਹਨ ਤੋਂ ਪਹਿਲਾ ਹੀ ਨਹਿਰ ਨੂੰ ਪੱਕਾ ਕਰਨ ਦਾ ਕੰਮ ਆਰੰਭ ਹੋ ਜਾਂਦਾ ਸੀ। ਸੂਰਜ ਡੁੱਬਣ ਦੇ ਥੋੜਾ ਕੁ ਪਿਛੋਂ ਦਿਹਾੜੀ ਦਾ ਕੰਮ ਖਤਮ ਕਰ ਦਿਤਾ ਜਾਂਦਾ ਸੀ।

ਦੋਵੇਂ ਮਜ਼ਦੂਰਨਾਂ ਅੱਖਾਂ ਮਲਦੀਆਂ ਕੰਮ ਉਤੇ ਜਾਂਦੀਆਂ ਧਰਮੀ ਨੂੰ ਕਹਿ ਗਈਆਂ–"ਅਸੀਂ ਹਾਜਰੀ ਲਗਵਾ ਕੇ, ਮੇਟ ਪਾਸੋਂ ਪੁੱਛ ਕੇ ਹੁਣੇ ਆਉਂਦੀਆਂ। ਫੇਰ ਆਪਾਂ ਬੱਚੇ ਨੂੰ ਅੰਤਿਮ ਸੰਸਕਾਰ ਲਈ ਲੈ

ਚੱਲਾਂਗੀਆਂ ।"

ਪਰ ਧਰਮੀ ਨੂੰ ਪਤਾ ਸੀ ਕਿ ਕੰਮ ਦੀ ਏਨੀ ਤੇਜ਼ੀ ਹੈ ਕਿ ਉਹਨਾਂ ਨੂੰ ਸ਼ਾਮ ਤੋਂ ਪਹਿਲਾਂ ਕਿਸੇ ਨੇ ਆਉਣ ਨਹੀਂ ਦੇਣਾ ।

ਨਹਿਰ ਦਾ ਕੰਮ ਅਗੇ ਵਧ ਗਿਆ ਸੀ । ਅੱਜ ਉਹਨਾਂ ਆਪਣੀ ਕੁੱਲੀ ਪੁੱਟ ਕੇ ਅਗੇ ਲੈ ਜਾਣੀ ਸੀ । ਨਹਿਰ ਵਿਚੋਂ ਪੁੱਟੀ ਮਿੱਟੀ ਦਾ ਢੇਰ ਕੁੱਲੀ ਦਾ ਫਰਸ਼ ਸੀ ।

ਧਰਮੀ ਨੇ ਆਪਣੀ ਸਾਰੀ ਹਿੰਮਤ ਇਕੱਠੀ ਕੀਤੀ । ਬੱਚੇ ਦੀ ਦੇਹ ਨੂੰ ਲਪੇਟ ਕੇ ਇਕ ਪਾਸੇ ਰਖਿਆ । ਆਪਣੇ ਆਸਣ ਵਾਲੀ ਥਾਂ ਉਸ ਨੇ ਹੱਥਾਂ ਨਾਲ ਪੁੱਟੀ । ਟੋਆ ਕੱਢਿਆ । ਬੱਚੇ ਨੂੰ ਵਿਚ ਲਿਟਾਇਆ । ਤੇ ਉਪਰ ਮਿੱਟੀ ਦੀ ਤਹਿ ਵਿਛਾਈ । ਹਥੇਲੀ ਉਤੇ ਹੱਥ ਧਰ ਕੇ ਪੈਰਾਂ ਭਾਰ ਬੈਠ ਗਈ ।

—"ਧਰਮੀ, ਓਏ ਧਰਮੀ, ਤੂੰ ਹਾਲੀ ਤੱਕ ਕੰਮ ਉਤੇ ਨਹੀਂ ਆਈ । ਉਤੋਂ ਬੱਦਲ ਪਿਆ ਚੜ੍ਹਿਆ ਆ ਰਿਹਾ ।' ਦੂਰੋਂ ਹੀ ਮੇਟ ਦੀ ਆਵਾਜ਼ ਗਰਜੀ ।

—'ਆਈ ਬਾਬੂ ਜੀ ।'

ਧਰਮੀ ਨੇ ਤਸਲਾ ਚੁੱਕਿਆ ਤੇ ਕੰਮੇ ਜਾ ਜੁੱਟੀ ।

---

## "ਛੁਪ ਗਏ ਸੂਰਜ (ਪਾਸ਼) ਦੇ ਨਾਂ"

**ਹਰਵਿੰਦਰ ਸਿੰਘ (ਚੰਡੀਗੜ੍ਹ)**

ਇਹ ਕਿਰਨਾਂ ਦੇ ਚੰਭੇ ਨੂੰ ਵਿਨ੍ਹਣ ਦੀ
ਕਿਸ ਦੀ ਨਾਕਾਮ ਸਾਜ਼ਿਸ਼ ਹੈ
ਮੈਂ ਇਸ ਵਿਚ ਸ਼ਰੀਕ ਜਾਣਿਆਂ ਦੀ
ਸ਼ਨਾਖ਼ਤ ਕਰਨ ਨਹੀਂ ਆਇਆ
ਸਗੋਂ ਮੈਂ ਤਾਂ ਇਸ ਨਾਕਾਮੀ
ਤੇ ਬੇਵੱਸੀ ਤੇ
ਤਰਸ ਭਰੇ ਲਹਿਜੇ ਨਾਲ
ਇਹ ਦੱਸਣ ਆਇਆ ਕਿ—
ਬੌਣੀ ਸੋਚ ਨਾਲ
ਸੂਰਜ ਥਾਲੀ ਜਿੱਡਾ ਹੀ ਲਗਦਾ ਹੈ
ਤੇ ਛੁੱਪ ਗਏ ਨੂੰ ਸਹਿਜੇ ਹੀ
ਡੁੱਬ ਗਿਆ ਕਿਹਾ ਜਾ ਸਕਦਾ ਹੈ
ਪਰ ਇਸ ਸੂਰਜ ਦੀਆਂ ਰਿਸ਼ਮਾਂ
ਸਾਰੇ ਆਲਮ ਲਈ ਚਾਨਣ ਮੁਨਾਰਾ ਹੁੰਦੀਆਂ ਹਨ
ਅਤੇ ਇਸ ਦੀ ਅਣਹੋਂਦ ਦਾ ਮਤਲਬ
ਸਿਰਫ਼ ਹਨੇਰਾ ਹੀ ਨਹੀਂ ਹੁੰਦਾ
ਸਗੋਂ ਇਸ ਨਾਲ ਜੁੜਿਆ
ਸੂਹਾ ਸਵੇਰਾ ਵੀ ਹੁੰਦੈ
ਤੇ ਛਿਪਣ ਤੋਂ ਬਾਦ ਤਾਰੀਖ ਦੇ ਨਵੇਂ ਸਫੇ ਤੇ
ਇਸ ਦਾ ਫਿਰ ਉਦੈ ਹੁੰਦਾ ਹੈ
ਇਸ ਦੀ ਰੌਸ਼ਨੀ ਕਿਸੇ ਇਕ
ਤਲਵੰਡੀ ਸਲੇਮ ਜਾਂ ਨਕਸ਼ਿਆਂ
'ਚ ਜਕੜੇ ਦੇਸ਼ ਵਿਚ ਹੀ
ਨਹੀਂ ਹੁੰਦੀ
ਸਗੋਂ ਸਾਰੇ ਕੂਟਾਂ ਦੀ
ਸਾਂਝੀ ਲੋਅ ਹੁੰਦੀ ਹੈ
ਜੋ ਕਦੇ ਵੀ ਮਨਫੀ ਨਹੀਂ ਹੁੰਦੀ
ਜੋ ਕਦੇ ਵੀ ਮਨਫੀ ਨਹੀਂ ਹੋਵੇਗੀ

o

## ਚਾਨਣ ਦੀ ਪੈੜ

**ਗੁਰਮੀਤ ਹਿਯਾਤਪੁਰੀ**

ਝੁਰੜਿਆ ਚਿਹਰਿਆਂ ਵਾਲਿਓ ਕਿਰਤੀਓ–
ਦੁਪਹਿਰੇ ਲੱਗੀ ਤੇਹ ਵਾਲੇ ਮੂੰਹੋਂ
ਐਵੇਂ ਸੂਰਜ ਨੂੰ ਗਾਲ੍ਹ ਨਈ ਕੱਢੀਦੀ
ਕਿਉਂਕਿ—
ਸੂਰਜ ਬੜੇ ਕੰਮ ਦੀ ਚੀਜ਼ ਹੁੰਦੀ ਏ !
ਇਹ ਉਸਦਾ ਕਸੂਰ ਨਹੀਂ
ਕਿ ਤੁਹਾਡੀਆਂ ਕੁਡ਼ਤਿਉ ਸੱਖਣੀਆਂ ਕੰਡਾਂ
ਜ਼ਿਆਦਾ ਸੇਕ ਲੱਗੀ ਰੋਟੀ ਵਾਂਗ ਲੂਸੀਆਂ ਗਈਆਂ ਨੇ
ਤੇ ਤੁਹਾਡੇ ਨੰਗੇ ਪੈਰਾਂ ਦੀਆਂ ਬਿਆਈਆਂ ਵਿਚ
ਭੋਲਿਓ ਲੋਕੋ—
ਸੂਰਜ ਨੂੰ ਗਾਲ੍ਹ ਕੱਢਣੀ
ਪਲੇਠੇ ਪੁੱਤ ਦੀ ਸੰਘੀ ਘੁੱਟਣ ਬਰਾਬਰ ਹੁੰਦੀ
ਜਿਹਨੇ ਭਵਿੱਖ ਵਿਚ ਡੰਗੋਰੀ ਬਣਨਾ ਹੁੰਦਾ ਏ
ਦੋਸਤੋ ! ਸੂਰਜ ਦੀ ਗਰਮੀ ਤੋਂ ਐਵੇਂ ਘਬਰਾਈਦਾ ਨਹੀਂ
ਇਹ ਤਾਂ ਸਗੋਂ ਕਈ ਵੇਰਾਂ
ਸੁੰਨ ਹੋਈ ਸੋਚ ਨੂੰ ਹਲੂਣਾ ਦੇਣ ਆਉਂਦੀ ਏ
ਤੇ ਹਨੇਰੇ 'ਚ ਬੰਦੀਬਾਨ ਨਜ਼ਰਾਂ ਨੂੰ
ਦਿਸਹੱਦਿਓ ਪਾਰ ਲੈ ਜਾਣ ਲਈ
ਸੂਰਜ—
ਮਹਿਜ ਇਕ ਅੱਗ ਦਾ ਗੋਲਾ ਹੀ ਨਹੀਂ
ਸਗੋਂ ਚੜ੍ਹਦੇ ਤੋਂ ਲਹਿੰਦੇ
ਤੇ ਰਾਤ ਤੋਂ ਦਿਨ ਦੇ ਫਰਕ ਦਾ ਅਹਿਸਾਸ ਹੁੰਦਾ ਏ
ਕਾਮਿਓ—
ਉਦੋਂ ਸੂਰਜ ਬੜਾ ਰੋਂਦਾ ਏ ਤੁਹਾਡੀ ਅਕਲ ਤੇ
ਜਦੋਂ ਲੂਅ ਲੱਗੀ ਹੌਂਕਣੀ ਚੜ੍ਹੇ
ਉਹਨੂੰ ਗਾਲ੍ਹ ਕੱਢਦੇ ਹੋ
ਤੇ ਥੱਕੇ ਟੁੱਟੇ ਸੁੱਕੀ ਰੋਟੀ ਚੱਬ
ਨੰਗੀ ਧਰਤ ਤੇ ਸੌਂਦੇ
ਰਾਤ ਨੂੰ ਅਸੀਸਾ ਦਿੰਦੇ ਹੋ
ਉਦੋਂ ਸੂਰਜ ਕੀ ਕਹਿੰਦਾ ਹੋਵੇਗਾ...?
ਜਿਹਨੇ ਆਉਂਦੀ ਸਿਆਲ੍ਹ ਰੁੱਤੇ ਤੁਹਾਨੂੰ ਨਿੱਘ ਦੇਣਾ ਹੈ

o

## ਰੋ ਮੇਰੇ ਪੰਜਾਬ

—ਪ੍ਰੀਤਮ ਬੇਲੀ

ਰੋ ਮੇਰੇ ਪੰਜਾਬ ਅੱਜ ਰੋ ਲੈ !
ਤੇਰੇ ਗੌਰਵ ਨੇ
ਸਦਾ ਤੇਰੇ ਹੰਝੂ ਪੂੰਝੇ !

ਦੱਰਾ ਖ਼ੈਬਰ ਤੋਂ
ਕਦੇ ਸਕੰਦਰ ਚੜ੍ਹ ਆਇਆ
ਕਦੇ ਮੁਹੰਮਦ ਗ਼ੌਰੀ
ਕਦੇ ਮਹਿਮੂਦ ਗ਼ਜ਼ਨਵੀ
ਤੇ ਕਦੇ ਜਾਬਰ ਬਾਬਰ

ਬਾਬਰਵਾਣੀ 'ਚ ਬਾਬੇ ਨਾਨਕ ਨੇ
ਰੱਬ ਨੂੰ
ਵਕਤ ਦੀ ਕਚਹਿਰੀ 'ਚ ਖੜਾ ਕਰਕੇ
ਪੁਛਿਆ ਸੀ, "ਤੈਂ ਕੀ ਦਰਦ ਨਾ ਆਇਆ ?"

ਤੇ ਫਿਰ ਗੋਰਿਆਂ ਦੀ ਰਾਜ-ਗਰਦੀ ਦੇ
ਬੁਰਛੇ-ਯੁੱਗ ਵਿਚ,
ਗ਼ਦਰੀ ਬਾਬੇ ਜੁਝਾਰ ਬੇੜਾ ਲੈ ਆਏ
ਸਾਰੇ ਦੇਸ਼ ਦੀ ਉਮੰਗ ਲੈ ਕੇ,
ਨਾਮਧਾਰੀਏ ਸੂਰਬੀਰ
ਤੋਪ-ਗੋਲਿਆਂ ਦੇ ਗਲ ਜਾ ਲੱਗੇ
ਦੇਸ਼-ਭਗਤੀ ਦੀ ਤਰੰਗ ਲੈ ਕੇ,
ਲਾਲਾ ਲਾਜਪਤ ਮੋਇਆ
ਲਾਠੀ-ਜ਼ਖ਼ਮਾਂ ਦੇ ਅੰਗ ਲੈ ਕੇ,
ਭਗਤ ਸਿੰਘ ਦੇ ਕੇਸਰੀ ਬੋਲ ਗੂੰਜੇ
ਰਾਜਗੁਰੂ, ਸੁਖਦੇਵ ਨੂੰ ਸੰਗ ਲੈ ਕੇ,
ਜਲਿਆਂ ਵਾਲਾ ਅਮਰ ਹੋਇਆ
ਸ਼ਹੀਦਾਂ ਦਾ ਲਹੂ-ਰੰਗ ਲੈ ਕੇ ।
ਤੂੰ ਬਹੁਤ ਰੋਈ ਸੀ ਤਦ
ਮੇਰੇ ਪੰਜਾਬ ਦੀ ਧਰਤੀ
ਅੱਜ ਫੇਰ ਤੂੰ ਰੋ ਲੈ !

ਵੰਡ ਦੇ ਵਿਭਚਾਰ ਨੇ
ਵੰਡ ਦੇ ਅਤਿਆਚਾਰ ਨੇ
ਵੰਡ ਦੀ ਹਾਹਾਕਾਰ ਨੇ
ਮੇਰੇ ਪੰਜਾਬ ਦੀ ਧਰਤੀ ਵਿਚ
ਲਹੂ ਬੀਜਿਆ
ਤਾਂ ਰੱਤੋ-ਰੱਤ ਸੋਗ ਉਗਿਆ ।

ਗੱਡੀਆਂ ਲਾਸ਼ਾਂ ਦੀ ਧਰਤ 'ਚੋਂ ਤਦ
ਨਫ਼ਰਤ ਦਾ ਥੋਰ੍ਹ ਸੀ ਉੱਗਦਾ,
ਹੋਂਦ ਦੇ ਮਲਬੇ 'ਚੋਂ ਤਦ
ਕੋਈ ਸੁਪਨਾ ਨਹੀਂ ਸੀ ਉੱਗਦਾ,
ਮੋਈ ਧਰਤੀ ਲਈ
ਆਕਾਸ਼ ਦਾ ਖ਼ਫ਼ਣ ਵੀ ਨਹੀਂ ਸੀ ਝੁੱਕਦਾ ।

ਮੇਰੇ ਦੇਸ਼ ਪੰਜਾਬ
ਤੂੰ ਬਹੁਤ ਰੋਇਆ ਸੀ ਤਦ
ਅੱਜ ਫੇਰ ਤੂੰ ਰੋ ਲੈ !

ਸਾਡੀ ਪਰੰਪਰਾ
ਅੱਜ ਇੰਜ ਲਗਦੈ
ਨੰਗੋ-ਨੰਗ ਖੜੀ ਏ,
ਤੇ ਪੁੱਠੀ-ਪਰੰਪਰਾ ਦੇ ਪਰੇਤ
ਤਤ-ਕਾਲ ਦੇ ਚੀਥੜੇ ਪਾ ਕੇ
ਭੂਤ-ਕਾਲ ਦੀ ਭਸਮ ਲਾ ਕੇ
ਭੂਤਰਿਆ ਤਾਂਡਵ ਨੱਚ ਰਹੇ ਨੇ
ਭੂਤਰੇ ਯੁੱਗ ਦੀ ਭੰਗ ਪੀ ਕੇ,
ਸਾਡੇ ਸੁਪਨ-ਰੰਗਾਂ ਨੂੰ
ਕਾਲਖ-ਯੁੱਗ ਵਿਚ ਮਿਲਾ ਕੇ,
ਟੁੰਬ ਰਹੇ ਨੇ ਸਾਡੇ ਹੋਸ਼ੋ-ਹਵਾਸ ਨੂੰ
ਡਰਾ ਧਮਕਾ ਕੇ ।

ਪੰਜਾਬ, ਮੇਰੇ ਦੇਸ਼ ਪੰਜਾਬ
ਬਹੁਤ ਰੋਇਆ ਏਂ ਆਖ਼ਰ !

ਅੱਜ ਦੀ ਘੜੀ ਬੇਸ਼ਕ ਬੜੇ ਕਹਿਰ ਦੀ ਏ,
ਪਰ
ਅੱਜ ਦੀ ਘੜੀ ਸਾਡੀ ਲੋਕ-ਲਹਿਰ ਦੀ ਏ !
ਅੱਜ ਦੀ ਘੜੀ ਰਾਤਾਂ-ਚੀਰਦੀ ਸਹਿਰ ਦੀ ਏ !
ਅੱਜ ਦੀ ਘੜੀ ਸਾਡੇ ਬੋਲਾਂ ਤੇ ਸਾਡੀ ਬਹਿਰ ਦੀ ਏ !
ਬੜੇ ਅਥਰੂ ਕੇਰੇ ਨੇ ਧਰਤੀ
ਮੇਰੇ ਪੰਜਾਬ ਦੀ ਧਰਤੀ ਨੇ ;
ਤੇ ਮੇਰੇ ਲੋਕੋ !
ਆਵਾਜ਼ ਦਿਓ !
ਲੋਕ-ਸ਼ਕਤੀ ਨੂੰ ਆਵਾਜ਼ ਦਿਓ !
ਲੋਕ-ਸ਼ਕਤੀ ਦੇ ਸੰਗਰਾਮ ਨੂੰ
ਸਾਂਝ ਦੀ ਆਵਾਜ਼ ਦਿਓ !
ਸਾਂਝ ਦੇ ਸੰਗਰਾਮ ਨੂੰ
ਲੋਕ-ਸ਼ਕਤੀ ਦੀ ਆਵਾਜ਼ ਦਿਓ !

ਤੇ ਯਾਦ ਰਖੋ !
ਕਿ ਖ਼ੈਬਰ ਦਾ ਦੱਰਾ
ਵਾਹਗੇ ਦੀ ਸਰਹੱਦ ਵਿਚ
ਵੱਟ ਚੁਕਿਆ ਏ !

o

## ਸਰਵਮੀਤ ਦੀ ਟਿੱਪਣੀ ਬਾਰੇ

**ਜਗਮੀਤ**

ਸਮਤਾ ਦੇ ਅਗਸਤ ਅੰਕ ਵਿਚ ਸਰਵਮੀਤ ਦੀ ਦਲਿਤ ਸਾਹਿਤ, ਦਲਿਤ ਲਹਿਰ, ਅਤੇ ਇਨਕਲਾਬ ਬਾਰੇ ਇਕ ਸੰਖੇਪ ਜਿਹੀ ਟਿਪਣੀ ਛਪੀ ਹੈ। ਭਾਵੇਂ ਟਿਪਣੀ ਤਾਂ ਸੰਖੇਪ ਹੈ ਪਰ ਉਨ੍ਹਾਂ ਦੇ ਵਿਚਾਰ ਉੱਘੜ ਕੇ ਸਾਹਮਣੇ ਆ ਗਏ ਹਨ। ਅਸਲ ਵਿਚ ਇਹ ਵਿਚਾਰ ਇਕੱਲੇ ਸਰਵਮੀਤ ਦੇ ਹੀ ਨਹੀਂ ਰਵਾਇਤੀ ਕਮਿਊ-ਲਹਿਰ ਨਾਲ ਜੁੜੇ ਵਿਸ਼ਾਲਾ ਹਿਸਿਆਂ ਦੇ ਹਨ, ਇਸ ਲਈ ਇਹ ਵਿਸਥਾਰੀ ਚਰਚਾ ਤੇ ਬਹਿਸ ਦੀ ਮੰਗ ਕਰਦੇ ਹਨ।

ਸਰਵਮੀਤ ਦਾ ਪਹਿਲਾ ਨੁਕਤਾ ਹੈ ਕਿ ਦਲਿਤਾਂ ਬਾਰੇ ਸਿਰਫ ਦਲਿਤ ਹੀ ਨਹੀਂ "ਦੂਸਰੇ ਵੀ ਲਿਖ ਸਕਦੇ ਹਨ ਅਤੇ ਲਿਖ ਵੀ ਰਹੇ ਹਨ।" ਇਹ ਗੱਲ ਕੁਝ ਹੱਦ ਤਕ ਤਾਂ ਠੀਕ ਹੈ ਪਰ ਏਨੀ ਸਿੱਧੀ ਅਤੇ ਸੌਖੀ ਨਹੀਂ ਜਿੰਨੀ ਸਰਵਮੀਤ ਨੇ ਪੇਸ਼ ਕੀਤੀ ਹੈ। "ਦੂਸਰਿਆਂ" ਵਿਚ ਸਿਰਫ ਉਹ ਹੀ ਸ਼ਾਮਲ ਹੋ ਸਕਦੇ ਹਨ ਜੋ ਜਾਤੀ ਕਾਇਆ ਪਲਟੀ (Decaste) ਦੇ ਅਮਲ ਵਿਚ ਪਏ ਹੋਣ। ਜਾਤੀ ਕਾਇਆ ਪਲਟੀ ਦਾ ਅਮਲ ਜਾਤ ਪਾਤ ਦੇ ਬੀਜ ਨਾਸ਼ ਲਈ ਵਿੱਢੇ ਸੰਘਰਸ਼ ਦੀ ਭੱਠੀ ਵਿਚ ਤਪ ਕੇ ਕੁੰਦਨ ਬਣਨ ਦੇ ਰਾਂਹੀਂ ਹੀ ਸੰਭਵ ਹੋ ਸਕਦਾ ਹੈ। ਪਰ ਪੰਜਾਬ ਵਿਚ ਜਾਤ ਪਾਤ ਦੇ ਬੀਅ ਨਾਸ ਲਈ ਕਿੰਨਾ ਕੁ ਅਮਲ ਚਲਾ ਰਿਹਾ ਹੈ, ਇਸ ਦਾ ਅੰਦਾਜਾ ਜੂਨ ਅੰਕ ਵਿਚ ਛਪੀ ਹਰਜੀਤ ਸਿੰਘ ਦੀ ਲਿਖਤ ਤੋਂ ਲਗ ਸਕਦਾ ਹੈ। ਹਰਜੀਤ ਨੇ ਅਖੌਤੀ ਕਮਿਊਨਿਸਟ ਇਨਕਲਾਬੀਆਂ ਨੂੰ ਚੈਲੰਜ ਕੀਤਾ ਸੀ ਕਿ ਉਹ ਪਿਛਲੇ 20 ਸਾਲਾਂ ਦੀ ਇਕ ਵੀ ਅਜਿਹੀ ਲਿਖਤ ਦਿਖਾਉਣ ਜਿਸ ਵਿਚ ਉਨ੍ਹਾਂ ਨੇ ਜਾਤ ਪਾਤ ਦੇ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਹੋਵੇ। ਜਿਨ੍ਹਾਂ ਦੇ ਪੱਲੇ ਜਾਤ-ਪਾਤ ਬਾਰੇ ਇਕ ਵੀ ਗੰਭੀਰ ਲਿਖਤ ਨਹੀਂ ਉਹਨਾਂ ਬਾਰੇ ਲਿਖ ਸਕਦੇ ਹਨ ਜਾਂ ਲਿਖ ਰਹੇ ਹਨ, ਹਾਸੋਹੀਣੀ ਗੱਲ ਹੈ। ਹਾਂ ਜੇ ਸਰਵਮੀਤ ਪੈਗਾਮ ਵਾਲੇ ਕਾਮਰੇਡਾਂ ਦੀ ਗੱਲ ਕਰ ਰਿਹਾ ਹੈ ਤਾਂ ਉਸ ਦੀ ਗੱਲ ਕੁਝ ਮੰਨੀ ਜਾ ਸਕਦੀ ਹੈ। ਪਰ ਇਨ੍ਹਾਂ ਨੇ ਵੀ ਅਜੇ ਗੋਹੜੇ 'ਚੋਂ ਪਹਿਲੀ ਪੂਣੀ ਹੀ ਕੱਤੀ ਹੈ।

ਦੂਸਰੇ ਨੁਕਤੇ 'ਚ ਸਰਵਮੀਤ ਕਹਿੰਦਾ ਹੈ ਕਿ "ਦਲਿਤ ਸਾਹਿਤ ਸ਼ਬਦ ਹੀ ਗਲਤ ਹੈ। ਇਹ ਤਾਂ ਏਵੇਂ ਹੈ ਜਿਵੇਂ ਕੋਈ ਕਹੇ ਸਾਹਿਤ ਨੂੰ ਹਿਸਿਆਂ 'ਚ ਵੰਡਿਆ ਜਾ ਸਕਦਾ ਹੈ–ਬ੍ਰਾਹਮਣ ਸਾਹਿਤ, ਦਲਿਤ ਸਾਹਿਤ, ਉੱਚ ਵਰਗ ਸਾਹਿਤ।" ਸਰਵਮੀਤ ਦੇ ਉਲਟ ਅਸਲ ਵਿਚ ਸਮਾਜ ਸਾਹਿਤ ਦਾ ਸੋਮਾ ਹੁੰਦਾ ਹੈ ਜੇ ਸਮਾਜ ਵਿਚ ਵੰਡੀਆਂ ਪਈਆਂ ਹੋਈਆਂ ਹੋਣ ਤਾਂ ਸਾਹਿਤ ਅੰਦਰ ਵੀ ਵੰਡੀਆਂ ਦਾ ਉਭਰ ਆਉਣਾ ਲਾਜਮੀ ਹੁੰਦਾ ਹੈ ਇਸ ਕਰਕੇ ਹੀ ਸਰਮਾਏਦਾਰੀ ਵਿਦਵਾਨਾਂ ਦੇ ਉਲਟ ਮਾਰਕਸਵਾਦ ਸਾਹਿਤ ਦੇ ਜਮਾਤੀ ਖਾਸੇ ਦੀ ਗੱਲ ਜੋਰ ਨਾਲ ਉਭਾਰਦਾ ਹੈ ਅਤੇ ਸਾਹਿਤ ਨੂੰ ਪ੍ਰੋਲਤਾਰੀ ਸਾਹਿਤ, ਸਰਮਾਏਦਾਰੀ ਸਾਹਿਤ, ਜਗੀਰੂ ਸਾਹਿਤ ਆਦਿ ਹਿਸਿਆਂ 'ਚ ਵੰਡਦਾ ਹੈ। ਜਿਸ ਸਮਾਜ ਵਿਚ ਜਾਤ ਪਾਤੀ ਵੰਡ ਇਕ ਬਾਹਰਮੁਖੀ ਹਕੀਕਤ ਹੋਵੇ ਉਥੇ ਜਾਤ ਪਾਤ ਦੇ ਹੱਕ ਅਤੇ ਵਿਰੋਧ ਵਿਚ ਸਾਹਿਤ ਲਿਖਿਆ ਜਾਣਾ ਸੁਭਾਵਕ ਹੈ। ਜਿਹੜਾ ਸਾਹਿਤ ਜਾਤ ਪਾਤ ਨੂੰ ਉਭਾਰੇਗਾ ਉਹ ਸਾਹਿਤ ਜਾਤ ਪਾਤ ਦੇ ਜਨਮਦਾਤਾ ਬ੍ਰਾਹਮਣਵਾਦ (ਮੰਨੂੰਵਾਦ) ਦੇ ਘੇਰੇ 'ਚ ਆਵੇਗਾ ਅਤੇ ਜਿਹੜਾ ਸਾਹਿਤ ਜਾਤ ਪਾਤ ਦਾ ਬੀਅ ਨਾਸ਼ ਕਰਨ ਦੀ ਗੱਲ ਕਰੇਗਾ ਉਹ ਦਲਿਤ ਪੱਖੀ ਜਾਂ ਦਲਿਤ ਸਾਹਿਤ ਦੇ ਘੇਰੇ 'ਚ ਆਵੇਗਾ। ਸਰਵਮੀਤ ਦਾ ਕਹਿਣਾ ਹੈ "ਅਸਲ ਵਿਚ ਦਲਿਤਾਂ ਬਾਰੇ ਲਿਖੇ ਨੂੰ ਦਲਿਤ ਸਾਹਿਤ ਕਹਿਣ ਵਾਲਿਆਂ ਦੀ ਸੋਚ ਦੀ ਇਹ ਸਾਜਿਸ਼ ਹੈ...ਕਿ,ਬਈ ਇਹ ਤਾਂ ਦਲਿਤਾ ਦਾ ਹੈ, ਭਿੱਟਿਆ ਹੋਇਆ ਹੈ।" ਇਥੇ ਸਾਥੀ ਸਰਵਮੀਤ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਾਤ ਪਾਤ ਵਿਰੋਧੀ ਸਾਹਿਤ ਨਾਲ ਦਲਿਤ ਸ਼ਬਦ ਲਗਣ ਕਾਰਨ ਜਿਹੜਾ ਇਸ ਨੂੰ ਭਿਟਿਆ ਹੋਇਆ ਸਮਝ ਸਕਦੀ ਹੈ ਉਸ ਸੜੇ ਫੂਕੇ ਜਾਤ ਅਭਿਆਨੀ ਨਾਲ ਸਰੋਕਾਰ ਰੱਖਣ ਦੀ ਬਜਾਏ ਉਸ ਨੂੰ ਦੂਰੋਂ ਹੀ ਲਾਹਨਤਾਂ ਪਾਉਣੀਆਂ ਚਾਹੀਦੀਆਂ ਹਨ। ਕੁਝ ਸਾਲ ਪਹਿਲਾਂ ਨਸਲ ਪ੍ਰਸਤੀ ਦਾ ਸ਼ਿਕਾਰ ਕਾਲੇ ਰੰਗ ਵਾਲੇ ਸਾਡੇ ਅਫਰੀਕੀ ਭਰਾਵਾਂ ਨੇ ਪੂਰੇ ਸਵੈਮਾਣ ਨਾਲ ਨਾਹਰਾ ਲਾਇਆ ਸੀ "ਬਲੈਕ ਇਜ ਬਿਊਟੀਫੁੱਲ"। ਸਾਨੂੰ ਇਸ ਨਾਹਰੇ ਵਿਚ ਆਪਣੀ ਅਵਾਜ਼ ਮਿਲਾ ਕੇ ਏਡੀ ਗੂੰਜ ਪੈਦਾ ਕਰ ਦੇਣੀ ਚਾਹੀਦੀ ਹੈ ਕਿ ਦਲਿਤ ਸਾਹਿਤ ਨੇ ਭਿਟਿਆ ਹੋਇਆ ਸਮਝਣ ਵਾਲੇ ਮੁੱਠੀ ਭਰ ਜਾਤ ਅਭਿਮਾਨੀਆਂ ਦੇ ਕੰਨਾਂ ਦੇ ਪਰਦੇ ਵੀ ਨਾ ਬਚ ਸਕਣ।

ਸਰਵਮੀਤ ਦਾ ਤੀਸਰਾ ਨੁਕਤਾ ਹੈ ਕਿ "ਹੁਣ ਸਾਰੇ ਦਲਿਤ ਅਸਲ 'ਚ ਦਲਿਤ ਨਹੀਂ ਹਨ ਅਤੇ ਸਾਰੇ ਉੱਚ ਜਾਤੀ ਵਾਲੇ ਉੱਚੇ ਨਹੀਂ ਹਨ।" ਸਰਵਮੀਤ ਹੁਰਾਂ ਦਾ ਇਹ ਨੁਕਤਾ ਵੀ ਗਲਤ ਹੈ। ਇਹ ਠੀਕ ਹੈ ਕਿ 1947 ਤੋਂ ਬਾਅਦ ਭਾਰਤ ਅੰਦਰ ਵੱਡੀਆਂ ਤਬਦੀਲੀਆਂ ਵਾਪਰੀਆਂ ਹਨ ਅਤੇ ਦਲਿਤ ਜਾਤਾਂ ਵਿਚੋਂ ਕੁਝ ਵਿਅਕਤੀ ਸਰਕਾਰ ਅਤੇ ਅਫਸਰਸ਼ਾਹੀ ਵਿਚ ਉੱਚੇ ਤੋਂ ਉੱਚੇ ਅਹੁਦਿਆਂ 'ਤੇ ਵੀ ਪਹੁੰਚ ਗਏ ਹਨ। ਇਸੇ ਤਰ੍ਹਾਂ ਹੀ ਉੱਚੀਆਂ ਜਾਤਾਂ ਦੇ ਕੁਝ ਹਿਸੇ ਆਰਥਿਕ

ਪੱਖੋਂ ਦਲਿਤਾਂ ਵਾਲੀ ਪੁਜੀਸ਼ਨ 'ਤੇ ਡਿਗ ਪਏ ਹਨ ਪਰ ਇਸ ਨਾਲ ਜਾਤ ਪਾਤੀ ਪ੍ਰਬੰਧ ਅਤੇ ਜਾਤ ਪਾਤੀ ਸੰਸਕਾਰਾਂ ਦੀ ਜਕੜ ਵਿਚ ਕੋਈ ਮਿਣਨਯੋਗ ਫਰਕ ਨਹੀਂ ਪਿਆ। ਕੁਝ ਖਿਤਿਆਂ ਅੰਦਰ ਛੂਆਛਾਤ ਦੀ ਜਕੜ ਜ਼ਰੂਰ ਢਿੱਲੀ ਹੋਈ ਹੈ ਪਰ ਛੂਆ ਛਾਤ ਅਤੇ ਜਾਤ ਪਾਤ ਇਕੋ ਗੱਲ ਨਹੀਂ ਜਿਵੇਂ ਕਿ ਗਾਂਧੀਵਾਦੀ ਪੇਸ਼ ਕਰ ਰਹੇ ਹਨ। ਛੂਆ ਛਾਤ ਤਾਂ ਸਿਰਫ ਜਾਤ ਪਾਤ ਦਾ ਇਕ ਪ੍ਰਗਟਾ ਹੈ। ਜਿਥੋਂ ਤਕ ਹਕੂਮਤੀ ਅਤੇ ਅਫਸਰਸ਼ਾਹੀ ਦੀਆਂ ਕੁਝ ਕੁਰਸੀਆਂ 'ਤੇ ਬਿਰਾਜਮਾਨ ਕੁਝ ਦਲਿਤਾਂ ਦਾ ਸੁਆਲ ਹੈ ਉਨ੍ਹਾਂ ਦੀ ਹਾਲਤ ਖੂਬਸੂਰਤ ਕੋਠੀਆਂ ਦੇ ਬਨੇਰਿਆਂ ਉਤੇ ਰੱਖੇ ਹੋਏ ਉਨ੍ਹਾਂ ਡਰਾਉਣਿਆਂ ਵਰਗੀ ਹੈ ਜਿਨ੍ਹਾਂ ਦਾ ਮਕਸਦ ਕੋਠੀਆਂ ਨੂੰ ਨਜ਼ਰ ਲਗਣ ਤੋਂ ਬਚਾਉਣਾ ਹੁੰਦਾ ਹੈ। ਆਰਥਕ ਪਖੋਂ ਇਹ ਨਜ਼ਰਵੱਟੂ ਭਾਵੇਂ ਕਿੰਨਾ ਵੀ ਉਪਰ ਉਠ ਗਏ ਹਨ ਪਰ ਇਹ ਜਿਥੇ ਵੀ ਗਏ ਹਨ ਇਹਨਾਂ ਦੀ ਜਾਤ ਨਾਲ ਹੀ ਗਈ ਹੈ।

ਉੱਚੀਆਂ ਜਾਤਾਂ ਦੇ ਕੁਝ ਹਿਸੇ ਆਰਥਿਕ ਪਖੋਂ ਜ਼ਰੂਰ ਦਲਿਤਾਂ ਵਾਲੀ ਪੁਜੀਸ਼ਨ 'ਤੇ ਆ ਗਏ ਹਨ ਪਰ ਉਹ ਆਪਣੇ ਜਾਤ ਪਾਤੀ ਸੰਸਕਾਰਾਂ ਨੂੰ ਨਾਲ ਲੈ ਕੇ ਹੀ ਹੇਠਾਂ ਆਏ ਹਨ। ਇਹਨਾਂ ਬ੍ਰਾਹਮਣੀ ਸੰਸਕਾਰਾਂ ਤੋਂ ਉਨ੍ਹਾਂ ਨੇ ਅਜੇ ਛੁਟਕਾਰਾ ਨਹੀਂ ਪਾਇਆ। ਇਸ ਵਾਸਤੇ ਪੰਜਾਬ ਦੇ ਜੱਟਾਂ ਦੀ ਮਿਸਾਲ ਸਾਡੇ ਸਾਹਮਣੇ ਹੈ। ਉਹਨਾਂ ਦਾ ਇਕ ਹਿੱਸਾ ਆਰਥਿਕ ਪਖੋਂ ਦਲਿਤਾਂ ਨਾਲੋਂ ਕਿਸੇ ਵੀ ਤਰ੍ਹਾਂ ਬਿਹਤਰ ਨਹੀਂ। ਆਉਣ ਵਾਲੇ ਪੰਜ ਸੱਤ ਸਾਲਾਂ 'ਚ ਇਸ ਹਿਸੇ ਦੀ ਗਿਣਤੀ ਹੋਰ ਵੀ ਵਧ ਜਾਣੀ ਹੈ ਪਰ ਉਹ ਅਜੇ ਵੀ ਆਪਣੇ ਜਮਾਤੀ ਭਰਾਵਾਂ ਨਾਲੋਂ ਜਾਤੀ ਭਰਾਵਾਂ ਨੂੰ ਵੱਧ ਨੇੜੇ ਸਮਝਦੇ ਹਨ। ਇਹ ਵਰਤਾਰਾ ਸਾਰੇ ਦੇਸ਼ ਅੰਦਰ ਹੀ ਮੌਜੂਦ ਹੈ ਅਤੇ ਜਮਾਤੀ ਏਕਤਾ, ਜਮਾਤੀ ਜਥੇਬੰਦੀਆਂ ਤੇ ਜਮਾਤੀ ਸੰਘਰਸ਼ ਨੂੰ ਤਕੜੀ ਢਾਹ ਲਾ ਰਿਹਾ ਹੈ। ਇਸ ਸਮੱਸਿਆ ਦਾ ਇਕੋ ਇਕ ਹੱਲ ਹੈ ਕਿ ਉੱਚੀਆਂ ਜਾਤਾਂ ਵਿਚੋਂ ਕੰਗਾਲ ਹੋ ਕੇ ਹੇਠਾਂ ਆ ਰਹੇ ਲੋਕਾਂ ਨਾਲ ਉਹਨਾਂ ਦੇ ਜਾਤ ਪਾਤੀ ਸੰਸਕਾਰਾਂ ਦੇ ਮਸਲੇ 'ਤੇ ਵਿਚਾਰਧਾਰਕ ਜਦੋਂ ਜਹਿਦ ਵਿਚ ਪਿਆ ਜਾਵੇ। ਅਤੇ ਉਹਨਾਂ ਨੂੰ ਜਾਤ ਪਾਤ ਦੇ ਖਾਤਮੇ ਦੇ ਪੈਂਤੜੇ 'ਤੇ ਲਿਆਂਦਾ ਜਾਵੇ। ਅਜਿਹਾ ਕਰਨ ਤੋਂ ਬਿਨਾਂ ਜਮਾਤੀ ਏਕਤਾ ਦੇ ਨਾਹਰੇ ਹਵਾ ਵਿਚ ਤਲਵਾਰਾਂ ਚਲਾਉਣ ਤੋਂ ਵਧ ਕੁਝ ਨਹੀਂ ਸਾਬਤ ਹੋਣ ਲਗੇ। ਖਰੇ ਕਮਿਊਨਿਸਟਾਂ ਲਈ ਇਹ ਇਕ ਬਹੁਤ ਵੱਡਾ ਚੈਲਿੰਜ ਹੈ। ਇਸ ਸੰਬੰਧ ਵਿਚ ਡਾਕਟਰ ਅੰਬੇਡਕਰ ਨੇ ਇਕ ਬਹੁਤ ਪੱਤੇ ਦੀ ਗੱਲ ਕਹੀ ਸੀ, "ਭਾਰਤ ਅੰਦਰ ਮਜ਼ਦੂਰ ਜਮਾਤ ਦੇ ਦੋ ਦੁਸ਼ਮਣ ਹਨ—ਪੂੰਜੀਵਾਦ ਅਤੇ ਬ੍ਰਾਹਮਣਵਾਦ।" ਬਰਾਹਮਣਵਾਦ ਉਹਨਾਂ ਦੀ ਜਮਾਤੀ ਏਕਤਾ 'ਤੇ ਸੱਟ ਮਾਰਦਾ ਹੈ ਅਤੇ ਪੂੰਜੀਵਾਦ ਉਹਨਾਂ ਦੀ ਲੁੱਟ ਖਸੁੱਟ ਕਰਦਾ ਹੈ।

ਸਰਵਮੀਤ ਦਾ ਚੌਥਾ ਨੁਕਤਾ ਬਾਬੂ ਕਾਂਸ਼ੀ ਰਾਮ ਦੀ ਲਹਿਰ ਬਾਰੇ ਹੈ। ਸਰਵਮੀਤ ਦਾ ਵਿਚਾਰ ਹੈ ਕਿ ਇਸ ਲਹਿਰ ਵਲੋਂ ਰਚੇ ਜਾ ਰਹੇ ਸਾਹਿਤ ਨੂੰ ਕ੍ਰਾਂਤੀਕਾਰੀ ਸਾਹਿਤ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸ ਵਿਚ "ਉੱਚੀ ਜਾਤੀ ਵਾਲਿਆਂ ਲਈ ਨਫਰਤ ਹੈ ਸਗੋਂ ਐਹ ਨਫਰਤ ਹੈ ਬਿਲਕੁੱਲ ਉਸੇ ਤਰ੍ਹਾਂ ਜਿਵੇਂ ਕਥਿੱਤ ਉੱਚ ਜਾਤੀ ਵਾਲਿਆਂ ਦੇ ਸੰਸਕਾਰਾਂ ਵਿਚ ਨੀਵੀਂ ਜਾਤੀ ਵਾਲਿਆਂ ਲਈ ਹੁੰਦੀ ਹੈ।" ਜਿਥੋਂ ਤਕ ਬਾਬੂ ਕਾਂਸ਼ੀ ਰਾਮ ਦਾ ਸੰਬੰਧ ਹੈ ਉਹ ਦਲਿਤਾਂ ਨੂੰ ਕਹਿ ਰਿਹਾ ਹੈ, "ਤੁਹਾਨੂੰ ਹੁਣ ਤਕ ਪਸ਼ੂ ਬਣਾ ਕੇ ਰਖਿਆ ਗਿਆ ਹੈ। ਤੁਸੀਂ ਇਕ ਵਾਰ ਬੰਦੇ ਬਣ ਜਾਓ ਦੁਸ਼ਮਣ ਨੂੰ ਬੰਦਾ ਮੈਂ ਬਣਾ ਦਿਆਂਗਾ।" ਕਾਂਸ਼ੀ ਰਾਮ ਦਾ ਵਿਚਾਰ ਹੈ, ਗੁਲਾਮ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਦਿਓ, ਮੁਕਤੀ ਉਹ ਆਪੇ ਹਾਸਲ ਕਰ ਲਵੇਗਾ। "ਬਾਬੂ ਕਾਂਸ਼ੀ ਰਾਮ ਦੀਆਂ ਇਨ੍ਹਾਂ ਗੱਲਾਂ ਵਿਚ ਕੁਝ ਵੀ ਗਲਤ ਨਹੀਂ। ਇਹਨਾਂ ਰਾਹੀਂ ਉਹ ਦਲਿਤਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਰਿਹਾ ਹੈ ਤੇ ਉਨ੍ਹਾਂ ਵਿਚ ਸਵੈਮਾਣ ਅਤੇ ਸਵੈ-ਵਿਸ਼ਵਾਸ ਭਰ ਰਿਹਾ ਹੈ। ਜਦੋਂ ਬਾਬੂ ਕਾਂਸ਼ੀ ਰਾਮ ਤੇ 'ਜਨਤਕ ਲਹਿਰ' ਦੇ ਪਰਚਾਰ ਨਾਲ ਦਲਿਤਾਂ ਨੂੰ ਇਹ ਪਤਾ ਲਗਦਾ ਹੈ ਕਿ ਕਿਵੇਂ ਦੋ ਢਾਈ ਹਜ਼ਾਰ ਸਾਲਾਂ ਤੋਂ ਬ੍ਰਾਹਮਣਵਾਦੀਆਂ ਵਲੋਂ ਉਨ੍ਹਾਂ ਨਾਲ ਕੁੱਤਿਆਂ ਤੇ ਬਿੱਲੀਆਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ ਤਾਂ ਉਹਨਾ ਦੇ ਮਨਾਂ ਅੰਦਰ ਲੋਹੜੇ ਦੀ ਨਫਰਤ ਪੈਦਾ ਹੁੰਦੀ ਹੈ। ਜਿੰਨ੍ਹੇ ਸਾਜ਼ਸ਼ੀ ਅਤੇ ਮਕਾਰੀ ਭਰੇ ਢੰਗ ਨਾਲ ਜਾਤ ਪਾਤੀ ਵਿਵਸਥਾ ਨੂੰ ਮਜਬੂਤ ਕੀਤਾ ਗਿਆ ਅਤੇ ਕਾਇਮ ਰਖਿਆ ਗਿਆ ਉਸ ਨੂੰ ਦੇਖ ਕੇ ਅਜਿਹਾ ਹੋਣਾ ਕੁਦਰਤੀ ਕਰਮ ਹੈ। ਉੱਚ ਜਾਤੀ ਵਾਲਿਆਂ ਦੀਆਂ ਅਜਿਹੀਆਂ ਚਾਲਾਂ ਨੂੰ ਜਾਣ ਕੇ ਦਲਿਤ ਤਾਂ ਕੀ ਜੇ ਕਿਸੇ ਦੂਸਰੇ ਵਿਅਕਤੀ ਦੇ ਮਨ ਵਿਚੋਂ ਵੀ ਨਫਰਤ ਦੇ ਹੜ੍ਹ ਨਹੀਂ ਵਗਦੇ ਤਾਂ ਸਮਝ ਲਓ ਉਹ ਵਿਅਕਤੀ ਜ਼ਰੂਰ ਹੀ ਮਾਨਸਿਕ ਤੌਰ 'ਤੇ ਬਿਮਾਰ ਹੈ। ਜਦੋਂ ਵੀ ਜਾਤ ਪਾਤ ਦੇ ਖਾਤਮੇ ਦੀ ਗੱਲ ਚੱਲੀ ਹੈ ਜਾਂ ਚਲੇਗੀ ਤਾਂ ਅਜਿਹੀ ਨਫਰਤ ਲਾਜ਼ਮੀ ਪੈਦਾ ਹੋਈ ਹੈ ਅਤੇ ਹੋਵੇਗੀ। ਇਸ ਬਾਰੇ ਕਬੀਰ ਜੀ ਦੀ ਮਿਸਾਲ ਲਈ ਜਾ ਸਕਦੀ ਹੈ। ਉਹ ਤਾਂ ਸਿੱਧੇ ਪੁੱਛਦੇ ਹਨ, "ਜੇ ਤੂੰ ਬ੍ਰਾਹਮਣ, ਬ੍ਰਾਹਮਣੀ ਜਾਇਆ ਤਉ ਆਨ ਬਾਣ ਕਾਹੇ ਨਹੀਂ ਆਇਆ" ਪੰਜਵੇਂ ਗੁਰੂ ਨੇ ਇਸ ਪੂਰੇ ਸ਼ਬਦ ਨੂੰ ਰੱਬੀ ਬਾਣੀ ਦਾ

ਦਰਜਾ ਦੇ ਕੇ ਗੁਰੂ ਗਰੰਥ ਸਾਹਿਬ 'ਚ ਸ਼ਾਮਲ ਕਰ ਲਿਆ। ਇਸ ਸੰਬੰਧ ਵਿਚ ਹੀ ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ "ਸ਼ਦਗਤੀ" ਦਾ ਜਿਕਰ ਕੀਤਾ ਜਾ ਸਕਦਾ ਹੈ। ਸਰਵਮੀਤ ਹੁਰੀ ਪੜ੍ਹ ਕੇ ਦਸਣ ਕਿ ਉਹ ਇਸ ਕਹਾਣੀ ਨੂੰ ਕੀ ਸਮਝਦੇ ਹਨ ?

ਸਰਵਮੀਤ ਨੇ ਆਪ ਮੰਨਿਆ ਹੈ ਕਿ ਉੱਚ ਜਾਤੀ ਵਾਲਿਆਂ ਦੇ ਸੰਸਕਾਰਾਂ ਵਿਚ ਨੀਵੀਂ ਜਾਤ ਵਾਲਿਆਂ ਲਈ ਘੋਰ ਨਫਰਤ ਹੁੰਦੀ ਹੈ। ਸਰਵਮੀਤ ਜੀ ਜੇ ਉੱਚੀ ਜਾਤ ਵਾਲਿਆਂ ਦੇ ਮਨਾਂ ਅੰਦਰ ਨੀਵੀਂ ਜਾਤ ਵਾਲਿਆਂ ਲਈ ਘੋਰ ਨਫਰਤ ਹੈ ਤਾਂ ਇਸਦੇ ਮੋੜਵੇਂ ਪ੍ਰਤੀਕਰਮ ਵਜੋਂ ਨੀਵੀਂ ਜਾਤ ਵਾਲਿਆਂ ਦੇ ਮਨਾਂ ਅੰਦਰ ਉੱਚੀ ਜਾਤੀਆਂ ਵਾਲਿਆਂ ਲਈ ਨਫਰਤ ਪੈਦਾ ਹੋ ਜਾਣੀ ਸੁਭਾਵਕ ਅਤੇ ਲਾਜ਼ਮੀ ਹੈ।

ਸੋ ਮਸਲਾ ਇਹ ਨਹੀਂ ਕਿ ਬਾਬੂ ਕਾਂਸ਼ੀ ਰਾਮ ਅਤੇ ਰੋਜ਼ਾਨਾ ਜਨਤਕ ਲਹਿਰ ਦੇ ਪਰਚਾਰ ਸਦਕਾ ਉੱਚ ਜਾਤੀ ਵਾਲਿਆਂ ਲਈ ਕਿੰਨੀ ਕੁ ਨਫਰਤ ਪੈਦਾ ਹੁੰਦੀ ਹੈ ਸਗੋਂ ਇਸ ਨਫਰਤ ਦੀ ਸੁਚੱਜੀ ਵਰਤੋਂ ਕਰ ਕੇ ਇਸ ਨੂੰ ਠੀਕ ਨਿਸ਼ਾਨੇ ਵੱਲ ਸੇਧਤ ਕਰਨ ਦੀ ਹੈ। ਸਰਵਮੀਤ ਦੀ ਲਿਖਤ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਜਿਵੇਂ ਕਾਂਸ਼ੀ ਰਾਮ ਤੇ ਜਨਤਕ ਲਹਿਰ ਦੀਆਂ ਸਰ-ਗਰਮੀਆਂ ਸਿਰਫ ਉਚੀ ਜਾਤੀ ਵਿਰੁਧ ਹੀ ਨਫਰਤ ਪੈਦਾ ਕਰ ਰਹੀਆਂ ਹਨ। ਇਹ ਗੱਲ ਵੀ ਠੀਕ ਕਹੀ ਹੈ। ਬਾਬੂ ਕਾਂਸ਼ੀ ਰਾਮ ਅਤੇ ਜਨਤਕ ਲਹਿਰ ਦਲਿਤਾ ਦੇ ਮਨਾਂ ਵਿਚ ਭਾਰਤੀ ਸਟੇਟ ਖਿਲਾਫ ਵੀ ਨਫਰਤ ਪੈਦਾ ਕਰ ਕੇ ਸਿਆਸੀ ਸਤਾ ਤੇ ਕਬਜ਼ਾ ਕਰਨ ਦੀ ਗੱਲ ਵੀ ਕਰ ਰਹੇ ਸਨ। ਕਾਂਸ਼ੀ ਰਾਮ ਅਤੇ ਜਨਤਕ ਲਹਿਰ ਦਾ ਤਾਂ ਸਾਫ ਐਲਾਨ ਹੈ ਜਾਤ ਪਾਤ ਦੀ ਕੁੰਜੀ ਰਾਜ ਸਤਾ ਦੇ ਹੱਥ ਹੈ। ਇਸ ਲਈ ਦਲਿਤਾਂ ਨੂੰ ਜਾਤ ਪਾਤ ਖਤਮ ਕਰਨ ਲਈ ਰਾਜ ਸੱਤਾ ਤੇ ਕਬਜ਼ਾ ਕਰਨਾ ਲਾਜ਼ਮੀ ਹੈ ਅਤੇ ਅਜਿਹਾ ਕਰਨ ਲਈ ਉਹਨਾਂ ਸਾਰੇ ਲੋਕਾਂ (ਬਹੁਜਨ ਸਮਾਜ) ਨੂੰ ਇਕੱਠਾ ਕਰਨਾ ਪਵੇਗਾ ਜੋ ਰਾਜ ਸਤਾ ਦੀਆਂ ਬ੍ਰਾਹਮਵਾਦੀ ਨੀਤੀਆਂ ਦਾ ਸ਼ਿਕਾਰ ਹਨ।

ਕਮਿਊਨਿਸਟਾਂ ਦੀਆਂ ਕੁਝ ਧਿਰਾਂ (ਸੀ. ਪੀ. ਆਈ, ਸੀ. ਪੀ. ਐਮ. ਸੁਰਖਾ ਰੇਖਾ) ਚਾਰ ਗਾਲ੍ਹਾਂ ਕਾਂਸ਼ੀ ਰਾਮ ਅਤੇ ਚਾਰ ਜਨਤਕ ਲਹਿਰ ਨੂੰ ਕੱਢ ਕੇ ਆਪਣੇ ਮਨਾਂ ਨੂੰ ਝੂਠੀਆਂ ਤਸੱਲੀਆਂ ਦੇ ਰਹੇ ਹਨ। ਖਰੇ ਕਮਿਊਨਿਸਟਾਂ ਨੂੰ ਕਾਂਸ਼ੀ ਰਾਮ ਅਤੇ ਜਨਤਕ ਲਹਿਰ ਦੇ ਦਲਿਤਾਂ ਅੰਦਰ ਆਤਮ ਵਿਸ਼ਵਾਸ਼ ਆਤਮ ਸਨਮਾਨ ਭਰਨ ਅਤੇ ਭਾਰਤੀ ਸਟੇਟ ਨਾਲ ਰਿਸ਼ਤਾ ਪਹਿਚਾਨਣ ਵਰਗੇ ਹਾਂ ਪੱਖੀ ਰੋਲ ਨੂੰ ਪਛਾਨਣਾ ਚਾਹੀਦਾ ਹੈ। ਹਾਂ ਪੱਖੀ ਰੋਲ ਦੇ ਅਧਾਰ ਤੇ ਉਹਨਾਂ ਦਾ ਕਾਂਸ਼ੀ ਰਾਮ ਦੀ ਸਿਆਸਤ ਵਿਚ ਕਈ ਘਾਟਾਂ ਅਤੇ ਕਮ-ਜ਼ੋਰੀਆਂ ਹੋ ਸਕਦੀਆਂ ਹਨ। ਇਹ ਵੀ ਸੰਭਵ ਹੋ ਸਕਦਾ ਹੈ ਕਿ ਉਹ ਦਲਿਤ ਲਹਿਰ ਨੂੰ ਅਗਾਂਹ ਦਰੁਸਤ ਲੀਹਾਂ ਤੇ ਨਾ ਵਧਾ ਸਕੇ। ਖਰੇ ਕਮਿਊਨਿਸਟਾਂ ਦਾ ਫਰਜ਼ ਬਣਦਾ ਹੈ ਕਿ ਉਹ ਜਾਤ ਪਾਤ ਦੇ ਮਸਲੇ ਬਾਰੇ ਕਾਂਸ਼ੀ ਰਾਮ ਤੋਂ ਬਿਹਤਰ ਤੇ ਦਰੁਸਤ ਲੀਹ ਅਗੇ ਲੈ ਕੇ ਆਉਣ ਅਤੇ ਜਾਗਰਤ ਹੋ ਰਹੇ ਦਲਿਤ ਵਰਗ ਸਾਹਮਣੇ ਪੇਸ਼ ਕਰਨ ਤੇ ਉਸ ਲੀਹ ਦੇ ਅਧਾਰ ਤੇ ਸਿਖਣ ਸਿਖਾਉਣ ਦੀ ਭਾਵਨਾ ਤਹਿਤ ਕਾਂਸ਼ੀ ਰਾਮ ਨਾਲ ਦੋਸਤਾਨਾ ਬਹਿਸ 'ਚ ਪੈਣ।

ਸਰਵਮੀਤ ਨੇ ਅਗਲਾ ਨੁਕਤਾ ਇਨਕਲਾਬ ਦੇ ਖਾਸੇ ਬਾਰੇ ਉਠਾਇਆ ਹੈ। ਉਹ ਕਹਿੰਦਾ ਹੈ ਇਨਕਲਾਬ ਆਰਥਿਕ ਅਧਾਰ ਤੇ ਵਾਪਰੇਗਾ ਤੇ ਇਸ ਲਈ ਉਹ ਮਾਰਕਸਵਾਦ ਨੂੰ ਪ੍ਰਮਾਣ ਵਜੋਂ ਪੇਸ਼ ਕਰਦਾ ਹੈ। ਪਰ ਆਰਥਿਕ ਅਧਾਰ ਤੇ ਇਨਕਲਾਬ ਦੀ ਇਹ ਗੱਲ ਮਾਰਕਸਵਾਦ ਨਹੀਂ ਮਾਰਕਸਵਾਦ ਦਾ ਜਲੂਸ ਹੈ। (Aricature) ਹੈ। ਮਾਰਕਸਵਾਦ ਇਨਕਲਾਬ ਲਈ ਇਕੱਲੇ ਆਰਥਿਕ ਅਧਾਰ ਦੀ ਗੱਲ ਨਹੀਂ ਕਰਦਾ। ਉਹ ਸਗੋਂ ਉਧਾਰ ਢਾਂਚੇ ਦੇ ਵੱਖ ਵੱਖ ਪੱਖਾਂ ਨੂੰ ਵੀ ਗੰਭੀਰਤਾ ਨਾਲ ਲੈਣ ਤੇ ਉਸ ਦੇ ਵਿਚ ਇਨਕਲਾਬੀ ਤਬਦੀਲੀਆਂ ਕਰਨ ਦੀ ਗੱਲ ਕਰਦਾ ਹੈ। ਭਾਰਤ ਦੀਆਂ ਠੋਸ ਹਾਲਤਾਂ ਵਿਚ ਇਸਦਾ ਅਰਥ ਬ੍ਰਾਹਮਣੀ ਵਿਚਾਰਧਾਰਾ ਦੇ ਖਿਲਾਫ ਤਿੱਖੀ ਵਿਚਾਰਧਾਰਕ ਜੱਦੋ-ਜਹਿਦ ਬਣਦਾ ਹੈ। ਜਿਹੜੇ ਪਾਠਕ ਇਸ ਸਮਝ ਦਾ ਸ਼ਿਕਾਰ ਹਨ ਕਿ ਮਾਰਕਸਵਾਦ ਸਿਰਫ ਆਰਥਿਕ ਤਬਦੀਲੀਆਂ ਦੀ ਗੱਲ ਹੀ ਕਰਦਾ ਹੈ ਤੇ ਇਹ ਕਹਿੰਦੇ ਹਨ ਕਿ ਆਰਥਿਕ ਤਬਦੀਲੀ ਦੇ ਨਾਲ ਜਾਤ ਪਾਤ ਆਪਣੇ ਆਪ ਹੀ ਖਤਮ ਹੋ ਜਾਵੇਗੀ ਉਹ ਕਾਮਰੇਡ ਮਾਓ ਜੇ ਤੁੰਗ ਵਲੋਂ ਉਲਟ ਇਨਕਲਾਬੀ ਸਿਧ ਕੀਤੇ "ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦੇ ਸਿਧਾਂਤਾਂ' ਦੇ ਹੀ ਵਕੀਲ ਹਨ। ਇਹਨਾਂ ਪਾਠਕਾਂ ਨੂੰ ਅਸੀਂ ਐਂਗਲਜ਼ ਦੀਆਂ ਹੇਠ ਲਿਖੀਆਂ ਚਿੱਠੀਆਂ ਪੜ੍ਹਨ ਦੀ ਸਲਾਹ ਦੇਂਦੇ ਹਨ :—

1. ਐਂਗਲਜ਼ ਦੀ ਜੋਜ ਫਬਲਾਕ ਦੇ ਨਾਂ 21 ਸਤੰਬਰ 1980 ਦੀ ਚਿੱਠੀ।

2. ਬੋਰਗੀਜ ਦੇ ਨਾਂ 25 ਜਨਵਰੀ 1985 ਦੀ ਚਿੱਠੀ

3. ਕੋਨਰਡ ਸ਼ਵਿਡਟ ਦੇ ਨਾਂ 5 ਅਗਸਤ 1890 ਦੀ ਚਿੱਠੀ।

4. ਐਂਗਲਜ਼ ਦੀ ਫਰਾਂਟਸ ਮੇਹਰਿੰਗ ਦੇ ਨਾਂ 14 ਜੁਲਾਈ 1893 ਦੀ ਚਿੱਠੀ। o

## ਦਲਿਤ ਸਾਹਿਤ ਬਾਰੇ ਇਕ ਟਿਪਣੀ ਤੇ ਸੰਖੇਪ ਟਿਪਣੀਆਂ

ਸਮਤਾ ਦੇ 99 ਅੰਕ ਵਿਚ ਸਵਰਮੀਤ ਜੀ ਨੇ ਦਲਿਤ ਸਾਹਿਤ ਦੇ ਪ੍ਰਸੰਗ ਵਿਚ ਹਾਸੋਹੀਣ ਜਿਹੀ ਟਿੱਪਣੀ ਕੀਤੀ ਹੈ। ਬੌਧਿਕ ਗਰੀਬੀ ਦੇ ਮਾਰੇ, ਵਿਚਾਰੇ ਸਰਵਮੀਤ ਨੂੰ 'ਦਲਿਤ' ਸ਼ਬਦ ਦੀ ਪ੍ਰੀਭਾਸ਼ਾ ਦਾ ਪਤਾ ਹੀ ਨਹੀਂ। ਉਸਨੇ 'ਦਲਿਤ' ਸ਼ਬਦਾਂ ਨੂੰ ਸਿਰਫ ਅਨ-ਸੂਚਿਤ-ਜਾਤੀਆਂ ਨਾਲ ਰਲਗੱਡ ਕਰਕੇ ਆਪਣੀ ਬੇਸਮਝੀ ਦੇ ਦੀਵਾਲੀਅਪਨ ਤੇ ਮੋਹਰ ਲਾ ਦਿੱਤੀ ਹੈ।

ਆਓ ਜ਼ਰਾ ਦਲਿਤ ਸ਼ਬਦ ਬਾਰੇ ਸਪਸ਼ਟ ਹੋਈਏ। 'ਦਲਿਤ ਪੈਂਥਰ' ਦੇ ਘੋਸ਼ਣਾ-ਪੱਤਰ ਵਿਚ ਲਿਖਿਆ ਹੈ : ਇਹ ਇਕ ਆਮ ਧਾਰਨਾ ਹੋ ਗਈ ਹੈ ਕਿ ਦਲਿਤ ਸ਼ਬਦ ਦਾ ਪ੍ਰਯੋਗ ਕੇਵਲ ਅਨਸੂਚਿਤ ਜਾਤੀ ਜਾਂ ਜਨ-ਜਾਤੀਆਂ ਦੇ ਬਾਰੇ ਵਿਚ ਹੀ ਕੀਤਾ ਜਾਂਦਾ ਹੈ। 'ਦਲਿਤ' ਸ਼ਬਦ ਨੂੰ ਲੈ ਕੇ ਜਿਸ ਤਰ੍ਹਾਂ ਜਹਾਦ (ਮੰਨੂਵਾਦੀ-ਵਿਚਾਰਕਾਂ ਵਲੋਂ) ਘੇਰੇ ਵਿਚ ਦਿਖਾਈ ਦਿੰਦਾ ਹੈ। ਉਸ ਤੋਂ ਇਹ ਧਾਰਨਾ ਹੋਰ ਵੀ ਮਜ਼ਬੂਤ ਕਰ ਦਿੱਤੀ ਜਾਂਦੀ ਹੈ। ਜਦੋਂ ਇਹ ਕਿਹਾ ਜਾਂਦਾ ਹੈ—ਦਲਿਤਾਂ ਲਈ, ਦਲਿਤਾਂ ਦੁਆਰਾ ਲਿਖਿਆ, ਦਲਿਤ ਸਾਹਿਤ। ਅਸਲ ਵਿਚ ਦਲਿਤ ਸ਼ਬਦ ਕੇਵਲ ਜਾਤੀਵਾਦ ਤੱਕ ਹੀ ਸੀਮਤ ਨਹੀਂ ਹੈ, ਦਲਿਤ ਸ਼ਬਦ ਦੇ ਜ਼ਰੀਏ ਦੇ ਪ੍ਰਕਾਰ ਦੇ ਅਰਥਾਂ ਦਾ ਪਤਾ ਲਗਦਾ ਹੈ। ਇਕ ਜਾਤੀ ਸੂਚਕ, ਦੂਜਾ ਆਰਥਿਕ ਨਾਬਰਾਬਰੀ ਨੂੰ ਦਰਸਾਉਂਦਾ ਹੈ। ਅਜਿਹੀ ਸਥਿਤੀ ਵਿਚ ਇਸ ਸ਼ਬਦ ਦਾ ਅਰਥ ਨਿਸਚਤ ਕਰਨਾ (ਸਰਵ-ਮੀਤ ਵਰਗੇ ਉਪ ਭਾਵਕਾਂ ਨੂੰ) ਕੁਝ ਮੁਸ਼ਕਲ ਕੰਮ ਬਣ ਜਾਂਦਾ ਹੈ। ਕੁਝ ਮੁਸ਼ਕਲ ਕੰਮ ਬਣ ਜਾਂਦਾ ਹੈ। ਕੁਝ ਵਿਚਾਰਕ (ਜਾਤੀ ਪ੍ਰਥਾ ਦੇ ਪਹਿਰੇਦਾਰ, ਇਕ ਵਿਸ਼ੇਸ਼ ਪ੍ਰਕਾਰ ਦੀ ਸਮਾਜਿਕ ਸਥਿਤੀ ਮਹਿਸੂਸ ਕਰਨ ਵਾਲੇ ਸਮਾਜ ਨੂੰ ਦਲਿਤ, ਕਹਿ ਕੇ ਗੱਲ ਗੋਲ ਕਰ ਜਾਂਦੇ ਹਨ ਅਤੇ ਪਾਠਕਾਂ ਅਤੇ ਆਮ ਲੋਕਾਂ ਨੂੰ ਧੋਖੇ ਵਿਚ ਪਾ ਦਿੰਦੇ ਹਨ।

"ਦਲਿਤ ਸ਼ਬਦ ਦਾ ਅਰਥ ਹੈ ਅਨਸੂਚਿਤ ਜਾਤੀ, ਬੋਧੀ (ਨਾਸਤਕ) ਕਾਮਗਾਰ, ਭੂਮੀ ਹੀਣ, ਮਜ਼ਦੂਰ, ਗਰੀਬ ਕਿਸਾਨ, ਖਾਨਾ ਬਦੋਸ਼ ਜਾਤੀਆਂ, ਆਦਿ ਵਾਸੀਆਂ ਅਤੇ ਨਾਰੀ ਸਮਾਜ। ਸੰਖੇਪ ਵਿਚ **ਗਰੀਬ ਅਪਮਾਨਤ ਜਾਤੀ ਵਰਗ** ਤੇ ਉਸ ਨਾਲ ਸੰਬੰਧਤ ਭਾਈਚਾਰਾ—ਇਸ ਨਾਲ ਸੰਬੰਧਤ ਜਿੰਨੇ ਵੀ ਅਰਥਾਂ ਦਾ ਗਿਆਨ ਇਸ ਸ਼ਬਦ ਤੋਂ ਹੋ ਸਕਦਾ ਹੈ। ਉਹ 'ਦਲਿਤ' ਦਾ ਨਾਮ ਪ੍ਰਾਪਤ ਕਰ ਜਾਂਦਾ ਹੈ।"

ਸਰਵਮੀਤਜੀ ! ਜ਼ਰਾਂ ਜਾਤੀਵਾਦ ਤੋਂ ਉਪਰ ਉਠੋ। ਦਲਿਤ ਸ਼ਬਦ ਦੇ ਗਲਤ ਅਰਥ ਦੇ ਕੇ ਦਲਿਤ ਸਾਹਿਤ ਜਾਂ ਦਲਿਤ ਕਰਾਂਤੀ ਦਾ ਮਜ਼ਾਕ ਨਾ ਉਡਾਓ। ਅਗੇ ਜਾ ਕੇ 'ਸਿਆਣਾ ਟਿਪਣੀਕਾਰ' ਆਪੇ ਹੀ ਮੰਨ ਜਾਂਦਾ ਹੈ ਕਿ ਦੂਸਰੇ ਵੀ (ਜਿਵੇਂ ਕਿ ਇਨ੍ਹਾਂ ਸਤਰਾਂ ਦਾ ਲੇਖਕ) ਲਿਖ ਸਕਦੇ ਹਨ, ਲਿਖਿਆ ਵੀ ਹੈ ਤੇ ਲਿਖ ਵੀ ਰਹੇ ਹਨ।

ਵਿਦਰੋਹੀ ਕਰਾਂਤੀ ਬਾਰੇ ਦਲਿਤ ਲੇਖਕ ਸਪਸ਼ਟ ਹਨ : ਦਲਿਤ ਲੇਖਕ ਕਰਾਂਤੀ ਦੇ ਹੁੰਦੇ ਹਨ ਜਿਸ ਦਾ ਆਰਥਕ ਤੇ ਰਾਜਨੀਤਕ ਅਧਾਰ ਮਾਰਕਸਵਾਦ (ਹਿੰਦੂ ਸਤਾਨੀ ਕਾਮਰੇਡਾਂ ਵਾਲਾ ਮਾਰਕਸਵਾਦ ਨਹੀਂ) ਹੈ, ਪਰੰਤੂ ਇਸ ਦਾ ਸਮਾਜਕ ਅਧਾਰ ਅੰਬੇਡਕਰਵਾਦ ਹੈ। ਜਿਸਨੂੰ ਹਿੰਦੂਸਤਾਨੀ ਕਾਮਰੇਡ ਅਜੇ ਤੱਕ ਨਹੀਂ ਸਮਝ ਸਕੇ। ਐਵੇਂ 70 ਸਾਲਾਂ ਤੋਂ ਅੰਕਾਂ ਵਿਚ ਤਲਵਾਰਾਂ ਮਾਰ ਰਹੇ ਹਨ।

ਸਰਵਮੀਤ ਜੀ ਦਾ ਖਿਆਲ (ਹਾਸੋਹੀਣਾ ਖਿਆਲ !) ਹੈ ਕਿ ਅਜਿਹੇ ਵਿਦਰੋਹੀ ਦਾ ਸਾਹਿਤ ਵਿਚ ਉਚੀ-ਜਾਤ ਵਾਲਿਆਂ ਲਈ ਨਫਰਤ ਹੈ—ਘੋਰ ਨਫਰਤ। 'ਦਲਿਤ ਸਾਹਿਤ' ਦੀ ਉਚੀਆ ਜਾਤਾਂ ਪ੍ਰਤੀ ਕੋਈ ਨਫਰਤ ਨਹੀਂ। ਹਾਂ ਉੱਚੀਆਂ-ਜਾਤੀਆਂ ਨੂੰ ਦਲਿਤਾਂ ਪ੍ਰਤੀ ਨਫਰਤ ਹੋ ਸਕਦੀ ਹੈ। ਜਦੋਂ ਦਲਿਤ ਆਪਣੇ ਬਹੁਜਨ ਸਮਾਜ ਨੂੰ ਇਕ ਮੁੱਠ ਕਰ ਲੈਣਗੇ ਤਾਂ ਅਖੌਤੀ ਉਚੀ ਜਾਤ (ਅਸੀਂ ਕਿਸੇ ਨੂੰ ਉੱਚੀ-ਜਾਤ ਨਹੀਂ ਮੰਨਦੇ—ਸਾਡੀ ਅਸਲ ਵਿਰੋਧਤਾਈ ਇਹੀ ਹੈ) ਦੀ 'ਉੱਚਤਾ' ਖੋਤੇ ਦੇ ਸਿੰਗਾਂ ਵਾਂਗ ਗਾਇਬ ਹੋ ਜਾਵੇਗੀ ਜਾਂ ਗਾਇਬ ਕਰ ਦਿਤੀ ਜਾਵੇਗੀ।

ਪਿਆਰੇ ਸਰਵਮੀਤ ਜੀ। ਅਜਿਹੇ ਸਾਹਿਤ ਪਿਛੇ ਇਕ ਸੱਚੀ ਸੁੱਚੀ ਵਿਚਾਰ ਧਾਰਾ ਹੈ ਤਦੇ ਹਨੇਰੀਆਂ ਰਾਤਾਂ ਦੇ ਮਾਲਿਕ ਚਮਗਿਦੜਾਂ ਨੂੰ ਹੱਥਾਂ ਪੈਰਾਂ ਦੀ ਪਈ ਹੋਈ ਹੈ।

ਆਸ ਹੈ ਦਲਿਤ ਸਾਹਿਤ ਦੇ ਵਿਰੋਧੀ ਨਾਚ ਵਿਚ ਸ਼ਾਮਲ ਹੋਣਗੇ, ਨਾਚ ਨੱਚਣਗੇ, ਕਈਆਂ ਦੇ ਘੁੰਡ ਉਰਫ ਨਕਾਬ ਲਹਿਣਗੇ, ਵੇਖਣਾ ਹੈ ਕੌਣ ਕੌਣ ਵੇਹੜੇ ਨੂੰ ਟੇਢਾ ਕਹਿ ਕੇ ਆਪਣਾ ਨਾਚ ਬੰਦ ਕਰਨ ਦਾ ਠੂਠਾ ਸਾਡੇ ਸਿਰ ਭੰਨੇਗਾ।

ਪਰੰਤੂ ਅਸੀਂ ਮਹਾਨ ਮਾਓ ਦੇ ਵਿਚਾਰ ਨੂੰ ਹਿੱਕ ਨਾਲ ਲਾਈ ਰੱਖਾਂਗੇ।

"ਸੌ ਫੁੱਲ ਖਿੜਦੇ ਹਨ ਤਾਂ ਖਿੜਣ ਦਿਓ"

ਅੰਨੀ ਸ਼ਰਧਾ ਜਾਂ ਭੇਡ ਚਾਲ ਤਾਂ ਉਨ੍ਹਾਂ ਲੋਕਾਂ ਵਿਚ ਹੈ, ਸਾਥੀ ਜੀ। ਜੋ ਮਾਰਕਸਵਾਦ ਤੇ ਖੜਦੇ ਨਹੀਂ, ਸਗੋਂ ਲੰਬੇ ਪੈ ਜਾਂਦੇ ਹਨ ਤੇ ਐਲਾਨ ਕਰ ਦਿੰਦੇ ਹਨ; ਮਾਰਕਸਵਾਦ ਤੇ ਲੇਟਣ ਦਾ ਹੱਕ ਸਿਰਫ ਸਾਨੂੰ ਹੈ; ਹੋਰ ਕਿਸੇ ਨੂੰ ਨਹੀਂ।

**ਸਾਗਰ ਸਿੰਘ ਸਾਗਰ**

# ਪੰਜਾਬ ਸਮੱਸਿਆ ਦਾ ਜਮਹੂਰੀ ਹੱਲ-ਖੇਤਰੀ ਖੁਦਮੁਖਤਿਆਰੀ - ਕੇਂਦਰੀ ਸਰਕਾਰ ਪਹਿਲ ਕਰੇ-ਕਿਉਂ ?

(ਅਗਸਤ '88 ਅੰਕ ਵਿਚ ਛਪੇ ਲੇਖ ਦੀ ਪੂਰਕ ਲਿਖਤ)

ਅਗਸਤ ਅੰਕ ਵਿਚ; ਜਿਨ੍ਹਾਂ ਬੁਨਿਆਦੀ ਪੱਖਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਉਹ ਇਸ ਤਰ੍ਹਾਂ ਹਨ : ਮੌਜੂਦਾ ਹਾਲਤਾਂ ਦੀ ਗੰਭੀਰਤਾ ਤੇ ਇਨ੍ਹਾਂ ਅੰਦਰ ਅੱਡ-ਅੱਡ ਸਿਆਸੀ ਪਾਰਟੀਆਂ ਦਾ ਰੋਲ; ਪੰਜਾਬ ਦੀ ਉਲਝੀ ਹੋਈ ਤਾਣੀ ਨੂੰ, ਗੋਲੀ ਬਦਲੇ-ਗੋਲੀ ਦੀ ਨੀਤੀ ਦੀ ਥਾਂ, ਗੱਲ ਬਾਤ ਕਰਕੇ ਹੱਲ ਕੀਤਾ ਜਾਵੇ ਕਿਉਂਕਿ ਕੇਂਦਰੀ ਸਰਕਾਰ ਦੀ ਬੀਤੇ ਤੇ ਵਰਤਮਾਨ ਦੀ ਇਸ ਨੀਤੀ ਨੇ, ਸਗੋਂ ਇਸ ਨੂੰ ਹੋਰ ਉਲਝਾਇਆ ਹੈ, ਕਤਲੇਆਮ ਦੀ ਇਸ ਨੀਤੀ ਨੇ, ਜਿਥੇ ਹਜ਼ਾਰਾਂ ਮਨੁੱਖੀ ਜਾਨਾਂ ਲਈਆਂ ਹਨ ਅਤੇ ਲੈ ਰਹੀ ਹੈ ਉਥੇ ਪੰਜਾਬੀ ਲੋਕਾਂ ਅੰਦਰ, ਫਿਰਕੂ ਵਖਰੇਵੇਂ ਦੀ ਖਾਈ ਨੂੰ, ਹੋਰ ਗਹਿਰਾ ਕੀਤਾ ਹੈ; ਪੰਜਾਬ ਸਮੱਸਿਆ ਅਤੇ ਖਾਲਿਸਤਾਨੀ ਲਹਿਰ ਨੂੰ ਵੀ ਕਾਂਗਰਸ ਪਾਰਟੀ ਅਤੇ ਭਾਰਤੀ ਰਾਜ ਵਲੋਂ ਕੀਤੀਆਂ ਵਿਤਕਰੇ-ਬਾਜ਼ੀਆਂ ਨੇ ਹੀ ਪੈਦਾ ਕੀਤਾ ਹੈ; ਆਦਿ ਆਦਿ। ਹਥਲੇ ਲੇਖ ਵਿਚਲਾ ਵਿਸ਼ਲੇਸ਼ਣ ਇਸ ਤਰ੍ਹਾਂ ਹੈ : ਇਹ ਵਿਤਕਰੇਬਾਜ਼ੀ ਪੰਜਾਬ ਅੰਦਰ ਕਿਵੇਂ ਖੁੱਲ ਖੇਡੀ; ਅਕਾਲੀਆਂ ਦਾ ਰੋਲ ਅਤੇ ਅੱਜ ਦੇ ਹੱਲ ਸੰਬੰਧੀ ਆਪਣੇ ਸੁਝਾ ਦੇ ਨੁਕਤੇ; ਆਦਿ।

## ਕੇਂਦਰੀ ਵਿਤਕਰੇਬਾਜ਼ੀ ਪੰਜਾਬ ਅੰਦਰ ਕਿਵੇਂ ਖੁਲ੍ਹ ਖੇਡੀ

ਘੱਟ ਗਿਣਤੀਆਂ ਨਾਲ ਵਿਤਕਰਾ ਕਰਨ ਦੀ, ਕੇਂਦਰੀ ਸਰਕਾਰ ਦੀ ਨੀਤੀ, 1947 ਤੋਂ ਪਿਛੋਂ ਦੇ ਪੰਜਾਬ ਅੰਦਰ, ਇਸ ਤਰ੍ਹਾਂ ਅਮਲ ਵਿਚ ਆਈ :

(1) ਇਹ ਨੀਤੀ ਆਮ ਕਰਕੇ, ਪੰਜਾਬ ਅਤੇ ਖਾਸ ਕਰਕੇ ਸਿੱਖ ਭਾਈਚਾਰੇ ਦੇ ਖਿਲਾਫ, ਵਿਤਕਰਾ ਕਰਨ ਦੀ ਆਈ। 1951 ਦੀ ਮਰਦਮਸ਼ੁਮਾਰੀ ਦੌਰਾਨ ਕਾਂਗਰਸ, ਆਰ. ਆਰ. ਐਸ. ਤੇ ਆਰੀਆ ਸਮਾਜ, ਹਿੰਦੂਆਂ ਦੀ ਭਲਾਈ ਦੇ ਬਹਾਨੇ ਹੇਠ ਹਿੰਦੀ ਨੂੰ ਝੂਠੇ ਤੌਰ 'ਤੇ ਆਪਣੀ ਮਾਤ ਭਾਸ਼ਾ ਲਿਖਾਉਣ ਲਈ ਇਕ ਜੁੱਟ ਹੋ ਗਈਆਂ ਤਾਂ ਜੋ ਪੰਜਾਬ ਨੂੰ ਦੋ-ਭਾਸ਼ਾਈ ਖੇਤਰ ਵਜੋਂ ਦਰਸਾ ਕੇ, ਇਸ ਨੂੰ ਪੰਜਾਬੀ ਬੋਲੀ ਵਾਲਾ ਰਾਜ ਬਣਨ ਤੋਂ ਰੋਕਿਆ ਜਾਵੇ। ਹਿੰਦੂ ਭਰਾਵਾਂ ਨੂੰ, ਘਰ ਘਰ ਜਾ ਕੇ ਉਨ੍ਹਾਂ ਨੂੰ ਆਪਣੀ ਮਾਤ ਬੋਲੀ ਹਿੰਦੀ ਲਿਖਵਾਉਣ ਲਈ ਪ੍ਰੇਰਿਆ। ਇਸ ਤਰ੍ਹਾਂ ਇਨ੍ਹਾਂ ਖੁਦਗਰਜ਼ਾਂ ਨੇ, ਪੰਜਾਬੀ ਲੋਕਾਂ ਦੀ ਏਕਤਾ ਉਤੇ ਚੀਰਾ ਦਿਤਾ। ਇਹ ਸਭ ਕੁਝ ਨਹਿਰੂ ਦੇ ਧਿਆਨ ਵਿਚ ਸੀ। ਇਸ ਤਰ੍ਹਾਂ ਪੰਜਾਬੀ ਨੂੰ ਕੇਵਲ ਸਿੱਖਾਂ ਦੀ ਭਾਸ਼ਾ ਬਣਾ ਕੇ ਰੱਖ ਦਿਤਾ। ਭਾਸ਼ਾ ਦੀ ਇਸ ਖਿੱਚ ਧੂਹ ਨੇ ਹੌਲੀ ਹੌਲੀ, ਹਿੰਦੂ ਤੇ ਸਿੱਖ ਫਿਰਕਿਆਂ ਦਰਮਿਆਨ ਧਾਰਮਿਕ ਖਿਚਾਅ ਦੀ ਸ਼ਕਲ ਅਖਤਿਆਰ ਕਰ ਲਈ ਅਤੇ 1961 ਦੀ ਮਰਦਮਸ਼ੁਮਾਰੀ ਵਿਚ, ਪੰਜਾਬੀ ਬੋਲਣ ਵਾਲੇ ਲਗ ਭਗ ਸਾਰੇ ਹਿੰਦੂਆਂ ਨੇ ਆਪਣੀ ਮਾਤ ਭਾਸ਼ਾ ਹਿੰਦੀ ਲਿਖਵਾਈ। ਜਿਸ ਦਾ ਨਤੀਜਾ ਜਨਗਣਨਾ ਦੀ ਗੰਭੀਰ ਭੰਨ ਤੋੜ ਕਰਨ ਵਿਚ ਨਿਕਲਿਆ। ਇਸੇ ਕਾਰਨ ਹੀ ਆਖਰ ਪੰਜਾਬ ਨੂੰ ਆਪਣਾ ਇਲਾਕਾ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਨੂੰ ਦੇਣਾ ਪਿਆ।

(2) ਪੰਜਾਬ ਨਾਲ ਆਮ ਕਰਕੇ ਤੇ ਸਿੱਖ ਭਾਈ-ਚਾਰੇ ਨਾਲ ਖਾਸ ਕਰਕੇ, ਦੂਸਰੀ ਵੱਡੀ ਵਿਤਕਰੇਬਾਜ਼ੀ, ਪੰਜਾਬੀ ਸੂਬਾ ਬਣਾਉਣ ਦੇ ਸੰਬੰਧ ਵਿਚ ਕੀਤੀ ਗਈ। ਜਿਥੇ ਭਾਰਤ ਅੰਦਰ ਹੋਰ ਸੂਬੇ 1956 'ਚ ਭਾਸ਼ਾਈ ਆਧਾਰ 'ਤੇ ਮੁੜ ਜਥੇਬੰਦ ਕਰ ਦਿਤੇ ਗਏ ਸਨ ਉਥੇ ਪੰਜਾਬ ਸਮੇਤ ਦੋ ਹੋਰ ਰਾਜਾਂ ਨੂੰ ਛੱਡ ਦਿਤਾ ਗਿਆ। ਪੰਜਾਬੀ ਬੋਲਦੇ ਸੂਬੇ ਦੀ ਮੰਗ ਨੂੰ, ਕੁਝ ਵਿਰੋਧੀ ਪਾਰ-ਟੀਆਂ ਨੇ ਵੀ "ਸਿੱਖ ਰਾਜ" ਦੀ ਮੰਗ ਹੋਣ ਵਜੋਂ ਉਭਾਰਿਆ। ਅਕਾਲੀਆਂ ਵਲੋਂ ਛੇੜੇ ਗਏ ਅੰਦੋਲਨ ਤੋਂ ਪਿਛੋਂ ਹੀ, 1966 'ਚ ਪੰਜਾਬੀ ਬੋਲਦਾ ਸੂਬਾ-ਜਿਸਨੂੰ ਲਾਲ ਬਹਾਦਰ ਸ਼ਾਸਤਰੀ ਨੇ, 1965 ਦੀ ਭਾਰਤ ਪਾਕਿ ਜੰਗ ਦੌਰਾਨ ਬਣਾਉਣਾ ਮੰਨਿਆਂ ਸੀ-ਕਾਇਮ ਕੀਤਾ ਗਿਆ।

(3) ਪੰਜਾਬ ਨਾਲ ਆਮ ਕਰਕੇ ਤੇ ਸਿੱਖ ਭਾਈ-ਚਾਰੇ ਨਾਲ ਖਾਸ ਕਰਕੇ ਕੀਤੀ ਗਈ ਤੀਸਰੀ ਵੱਡੀ ਵਿਤਕਰੇਬਾਜ਼ੀ ਚੰਡੀਗੜ੍ਹ ਤੇ ਇਸਦੀਆਂ ਸਰਹੱਦਾਂ ਨਾਲ ਲਗਦੇ ਕੁਝ ਪੰਜਾਬੀ ਬੋਲਦੇ ਇਲਾਕਿਆਂ ਸੰਬੰਧੀ ਸੀ। ਇਹ ਵਿਤਕਰੇਬਾਜ਼ੀ ਮਰਹੂਮ ਇੰਦਰਾ ਗਾਂਧੀ ਵਲੋਂ ਸ਼ੁਰੂ ਕੀਤੀ ਗਈ ਜਿਸਨੇ ਆਪਣੇ ਪਿਤਾ ਦੇ ਪਦ ਚਿੰਨ੍ਹਾਂ ਤੇ ਚਲਦੇ ਹੋਏ, ਪੰਜਾਬ ਅੰਦਰ ਫਿਰਕੂ ਝਗੜੇ ਦੇ ਨਵੇਂ ਬੀਜ ਬੀਜ ਕੇ ਪੰਜਾਬੀ ਸੂਬੇ ਦੇ ਵਿਕਾਸ ਵਿਚ ਨਵੀਆਂ ਅੜਿੱਚਣਾਂ ਖੜ੍ਹੀਆਂ ਕਰ ਦਿਤੀਆਂ। ਪੰਜਾਬੀ ਬੋਲਦੇ ਸੂਬੇ ਬਾਰੇ, ਹੁਕਮ ਸਿੰਘ ਕਮੇਟੀ ਦੀ ਰੀਪੋਰਟ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਕੇ, ਉਸ ਨੇ ਜਸਟਿਸ ਸ਼ਾਹ ਦੀ ਅਗਵਾਈ ਹੇਠ ਇਕ ਤਿੰਨ ਮੈਂਬਰੀ ਕਮਿਸ਼ਨ ਨਿਯੁਕਤ ਕੀਤਾ, ਜਿਸ ਨੂੰ 1961 ਦੀ ਮਰਦਮਸ਼ੁਮਾਰੀ ਦੀਆਂ ਰੀਪੋਰਟਾਂ-ਜਿੰਨ੍ਹਾਂ ਵਿਚ ਭੰਨ ਤੋੜ ਕੀਤੀ ਗਈ ਸੀ-ਦੇ ਅਧਾਰ ਉੱਤੇ ਹੀ ਫੈਸਲਾ ਕਰਨ ਲਈ ਪਾਬੰਦ ਕਰ

ਦਿਤਾ। ਜਦ ਕਿ 1955 'ਚ ਕਾਇਮ ਕੀਤਾ ਗਿਆ ਰਾਜਾਂ ਦੀ ਮੁੜ ਜਥੇਬੰਦੀ ਕਰਨ ਵਾਲਾ ਕਮਿਸ਼ਨ, ਮਰਦਮਸ਼ੁਮਾਰੀ ਦੀਆਂ ਸਭੇ ਰੀਪੋਰਟਾਂ ਨੂੰ ਧਿਆਨ 'ਚ ਰੱਖਣ ਲਈ ਅਜ਼ਾਦ ਸੀ। ਜੇਕਰ ਕੇਂਦਰੀ ਸਰਕਾਰ ਨੇ, ਹੁਕਮ ਸਿੰਘ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਪ੍ਰਵਾਨ ਕਰ ਲਿਆ ਹੁੰਦਾ ਜਾਂ 1961 ਦੀ ਮਰਦਮਸ਼ੁਮਾਰੀ ਨੂੰ, ਸ਼ਾਹ ਕਮਿਸ਼ਨ ਦੇ ਕੰਮ ਖੇਤਰ ਦਾ ਅਧਾਰ ਨਾ ਬਣਾਇਆ ਹੁੰਦਾ ਤਾਂ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕਿਆਂ ਦੀ ਸਮੱਸਆ ਹੀ ਪੈਦਾ ਨਾ ਹੁੰਦੀ। ਸ਼ਾਹ ਕਮਿਸ਼ਨ ਨੇ 1961 ਦੀ ਮਰਦਮਸ਼ੁਮਾਰੀ ਦੇ ਅਧਾਰ 'ਤੇ ਹੀ ਸਿਫਾਰਸ਼ ਕੀਤੀ ਸੀ ਕਿ ਚੰਡੀਗੜ੍ਹ ਹਰਿਆਣਾ ਨੂੰ ਮਿਲਨਾ ਚਾਹੀਦਾ ਹੈ। ਪ੍ਰੰਤੂ ਮਰਹੂਮ ਇੰਦਰਾ ਗਾਂਧੀ ਨੇ, ਪੰਜਾਬੀਆਂ ਦੇ ਜਜ਼ਬਾਤਾਂ ਨੂੰ ਦੇਖਦੇ ਹੋਏ ਬੜੀ ਚਤਰ ਈ ਨਾਲ ਚੰਡੀਗੜ੍ਹ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਬਣਾ ਦਿਤਾ। ਇਸ ਤੋਂ ਇਲਾਵਾ, ਸ਼ਾਹ ਕਮਿਸ਼ਨ ਨੇ, ਉਨ੍ਹਾਂ ਇਲਾਕਿਆਂ ਦਾ ਝਗੜਾ ਹੀ ਖੜਾ ਕਰ ਦਿਤਾ। ਜਿੰਨ੍ਹਾਂ ਬਾਰੇ ਕਦੇ ਕੋਈ ਰੇੜਕਾ ਹੀ ਨਹੀਂ ਪਿਆ ਮਿਸਾਲ ਲਈ ਖਰੜ ਦੀ ਤਹਿਸੀਲ, ਜਿਸਨੂੰ ਭੀਮ ਸੈਨ ਸੱਚਰ ਦੀ ਵਜ਼ਾਰਤ ਨੇ, ਰੋਪੜ ਦੀ ਤਹਿਸੀਲ ਹੋਣ ਦੇ ਨਾਲੋ ਨਾਲ, ਪੰਜਾਬੀ ਬੋਲਣ ਵਾਲੀ ਤਹਿਸੀਲ ਵੀ ਕਰਾਰ ਦਿਤਾ ਸੀ। ਪ੍ਰੰਤੂ 1961 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਇਸ ਵਿਚ ਹਿੰਦੀ ਬੋਲਣ ਵਾਲੇ, 55% ਅਤੇ ਪੰਜਾਬੀ ਬੋਲਣ ਵਾਲੀ ਵਸੋਂ 44% ਦਰਸਾਈ ਗਈ ਹੈ। ਇਹ ਅੰਦਰਾਜ ਤਹਿਸੀਲ ਵਿਚ ਵਸਦੇ ਹਿੰਦੂਆਂ ਤੇ ਸਿੱਖਾਂ ਦੀ ਗਿਣਤੀ ਦੇ ਅਨੁਸਾਰ ਸੀ; ਇਸੇ ਅਧਾਰ ਉਤੇ ਹੀ ਕਮਿਸ਼ਨ ਨੇ ਸਿਫਾਰਸ਼ ਕੀਤੀ ਸੀ ਕਿ ਇਸ ਤਹਿਸੀਲ ਨੂੰ ਹਰਿਆਣਾ ਵਿਚ ਮਿਲਾ ਦਿਤਾ ਜਾਵੇ। ਐਨ ਇਸੇ ਤਰ੍ਹਾਂ ਹੀ, ਫਾਜ਼ਿਲਕਾ ਅਤੇ ਅਬੋਹਰ ਦੀਆ ਤਹਿਸੀਲਾਂ—ਜੋ 1871 ਤੋਂ 1951 ਤੱਕ ਹੋਈਆਂ, ਮਰਦਮਸ਼ੁਮਾਰੀਆਂ ਅਨੁਸਾਰ—ਪੰਜਾਬੀ ਬੋਲਦੀਆਂ ਤਹਿਸੀਲਾਂ ਰਹੀਆਂ ਹਨ। ਪਰ 1961 ਦੀ ਮਰਦਮਸ਼ੁਮਾਰੀ ਵਿਚ ਇਥੇ ਹਿੰਦੀ ਬੋਲਣ ਵਾਲਿਆਂ ਨੂੰ ਭਾਰੂ ਦਰਸਾ ਕੇ, ਹਰਿਆਣਾ ਨੂੰ ਦੇਣ ਦੀ ਸਿਫਾਰਸ਼ ਕੀਤੀ ਗਈ। ਅਜਿਹਾ ਕੁਝ ਹੀ ਊਨਾ, ਸਿਰਸਾ, ਫਤਿਆਬਾਦ ਤੇ ਗੂਹਲਾ ਸੱਬ-ਡਿਵਿਜਨ ਦੇ ਸੰਬੰਧ ਵਾਪਰਿਆ। ਗੈਰ-ਸਰਕਾਰੀ ਅਨੁਮਾਨਾਂ ਅਨੁਸਾਰ, ਪੰਜਾਬੀ ਸੂਬਾ ਬਣਨ ਵੇਲੇ, ਸੈਂਕੜੇ ਪੰਜਾਬੀ ਬੋਲਦੇ ਪਿੰਡ ਹਿਮਾਚਲ ਪ੍ਰਦੇਸ਼ ਵਿਚ ਸ਼ਾਮਲ ਕਰ ਦਿਤੇ ਗਏ ਸਨ। ਲੇਕਿਨ ਕਮਿਸ਼ਨ ਉੱਤੇ ਇਹ ਰੋਕ ਲਾਈ ਗਈ ਸੀ ਕਿ ਕਿਸੇ ਇਕ ਵੀ ਪੰਜਾਬੀ ਬੋਲਦੇ ਪਿੰਡ ਨੂੰ ਨਾਂ ਛੂਹੇ। ਗੰਗਾ ਨਗਰ ਦੇ ਜਿਲੇ ਵਿਚ, ਪੰਜਾਬੀ ਬੋਲਦੇ ਇਲਾਕਿਆਂ ਦੀ ਸਥਿਤੀ ਬਾਰੇ ਵਿਚਾਰਨ ਤੋਂ ਵੀ ਇਸ ਨੂੰ ਰੋਕਿਆ ਗਿਆ ਸਪਸ਼ਟ ਹੈ ਕਿ ਸਰਹੱਦੀ ਰੇੜਕਿਆਂ ਦੀ ਸਮੱਸਿਆ—ਭਾਵੇਂ ਇਹ ਪੰਜਾਬ ਤੇ ਹਰਿਆਣਾ, ਪੰਜਾਬ ਤੇ ਰਾਜ-ਸਥਾਨ ਜਾਂ ਪੰਜਾਬ ਤੇ ਹਿਮਾਚਲ ਦੀਆਂ ਸਰਹੱਦਾਂ ਦੀ ਸੀ—ਨੂੰ ਭਾਸ਼ਾ, ਨੇੜਤਾ, ਤੇ ਪਿੰਡ ਨੂੰ ਇਕਾਈ ਮੰਨਣ ਦੇ ਤੀਹਰੇ ਅਸੂਲ ਦੇ ਅਧਾਰ ਉੱਤੇ ਤਹਿ ਕੀਤੀ ਜਾਣੀ ਚਾਹੀਦੀ ਸੀ/ਹੈ।

(4) ਪੰਜਾਬ ਨਾਲ ਆਮ ਕਰਕੇ ਅਤੇ ਸਿੱਖ ਭਾਈਚਾਰੇ ਨਾਲ ਖਾਸ ਕਰਕੇ, ਚੌਥੀ ਵੱਡੀ ਵਿਤਕਰੇਬਾਜ਼ੀ, ਦਰਿਆਈ ਪਾਣੀਆਂ ਦੇ ਸੁਆਲ ਨਾਲ ਸਬੰਧਤ ਸੀ। ਭਾਰਤੀ ਸੰਵਿਧਾਨ ਦੀ ਧਾਰਾ 246 (3) ਕਿਸੇ ਵੀ ਰਾਜ ਦੀ ਵਿਧਾਨ ਪਾਲਿਕਾ ਨੂੰ ਅਧਿਕਾਰ ਦਿੰਦੀ ਹੈ ਕਿ ਉਹ ਪਾਣੀਆਂ ਸੰਬੰਧੀ ਕਾਨੂੰਨ ਬਣਾਵੇ (ਜਿਵੇਂ ਕਿ ਦੂਜੀ ਸੂਚੀ ਦੇ ਅੰਦਰਾਜ 17 ਵਿਚ ਸੰਕੇਤ ਦਿਤਾ ਗਿਆ ਹੈ) ਪਰ ਕੇਂਦਰ ਨੇ ਪੰਜਾਬ ਨੂੰ ਮੁੜ ਜਥੇਬੰਦ ਕਰਨ ਦੇ, ਪਾਰਲੀਮੈਂਟ ਵਲੋਂ ਪਾਸ ਕੀਤੇ ਗਏ ਕਾਨੂੰਨ ਦੀ ਧਾਰਾ 78, 79, 80 ਦੇ ਤਹਿਤ, ਇਹ ਅਧਿਕਾਰ ਆਪਣੇ ਹੱਥਾਂ ਵਿਚ ਲੈ ਲਿਆ। ਇਸ ਸੰਬੰਧੀ ਕੇਂਦਰ ਵਲੋਂ ਦਲੀਲਾਂ ਪੇਸ਼ ਕੀਤੀਆਂ ਗਈਆਂ। ਪਹਿਲੀ ਇਹ ਕਿ "7 ਸ਼ਡਿਊਲ (ਪਹਿਲੀ ਸੂਚੀ ਅੰਦਰਾਜ 56) ਦੇ ਅਧੀਨ ਕੇਂਦਰ ਨੂੰ ਇਹ ਹੱਕ ਹਾਸਲ ਹੈ ਕਿ ਉਹ ਅੰਤਰ-ਰਾਜੀ ਦਰਿਆਵਾਂ ਦੇ ਪਾਣੀਆਂ ਸੰਬੰਧੀ ਕਾਨੂੰਨ ਬਣਾ ਸਕਦਾ ਹੈ"। ਸੱਚ ਹੈ, ਕੇਂਦਰ ਨੂੰ ਅਜਿਹਾ ਕਰਨ ਦਾ ਸੰਵਿ-ਧਾਨਿਕ ਅਧਿਕਾਰ ਹੈ, ਪਰ, ਕਨੂੰਨੀ ਤੇ ਤਰਕ ਦੇ ਤੌਰ 'ਤੇ ਦੋਵੇਂ ਤਰ੍ਹਾਂ ਹੀ, ਇਹ, ਰੀਪੇਰੀਅਨ ਰਾਜਾਂ ਦੇ ਦਰਮਿਆਨ ਹੀ ਅਜਿਹਾ ਕਰ ਸਕਦਾ ਹੈ ਤੇ ਕਰਨਾ ਬਣਦਾ ਹੈ। ਜੇਕਰ ਇਸ ਨੇ, ਇਕ ਰੀਪੇਰੀਅਨ ਤੇ ਇਕ ਗੈਰ-ਰੀਪੇਰੀਅਨ ਰਾਜ ਦਰਮਿਆਨ ਪਾਣੀ ਦੀ ਵੰਡ ਕਰਨੀ ਹੈ ਤਾਂ ਫਿਰ ਇਸਨੂੰ ਰੀਪੇਰੀਅਨ ਰਾਜ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ ਹੀ ਅਜਿਹਾ ਕਰਨਾ ਚਾਹੀਦਾ ਹੈ ਤੇ ਕਰ ਸਕਦਾ ਹੈ। ਰੀਪੇਰੀਅਨ ਅਸੂਲ, ਨਰਵਦਾ ਦਰਿਆਈ ਪਾਣੀ ਟਰੀਬਿਊਨਲ ਦੁਆਰਾ, ਪਹਿਲਾਂ ਹੀ ਤਹਿ ਕੀਤਾ ਜਾ ਚੁੱਕਿਆ ਹੈ। ਜਦੋਂ ਕਿ ਇਸ ਵਲੋਂ ਇਹ ਫੈਸਲਾ ਕੀਤਾ ਗਿਆ ਕਿ ਗੈਰ-ਰੀਪੇਰੀਅਨ ਰਾਜਿਸਥਾਨ ਨੂੰ, ਨਰਵਦਾ ਨਦੀ ਦੇ ਪਾਣੀ ਵਿਚੋਂ ਕੋਈ ਵੀ ਹਿੱਸਾ ਲੈਣ ਦਾ ਅਧਿਕਾਰ ਨਹੀਂ ਹੈ। ਇਥੋਂ ਤਕ ਕਿ ਕੇਂਦਰੀ ਸਰਕਾਰ ਵਲੋਂ ਇਸ ਝਗੜੇ ਵਿਚ, ਰਾਜਿਸਥਾਨ ਨੂੰ ਇਕ ਪਾਰਟੀ ਮੰਨਣਾ ਵੀ ਸੰਵਿਧਾਨ ਦੇ ਉਲਟ ਸੀ। ਟਰੀਬਿਊਨਲ ਨੇ ਤਹਿ ਕੀਤਾ ਸੀ ਕਿ ਪਾਣੀਆਂ ਦਾ ਝਗੜਾ ਕੇਵਲ ਰੀਪੇਰੀਅਨ ਰਾਜਾਂ ਵਿਚਕਾਰ ਬਣ ਸਕਦਾ ਹੈ ਨਾਂ ਕਿ ਰੀਪੇਰੀਅਨ ਤੇ ਗੈਰ-ਰੀਪੇਰੀਅਨ ਰਾਜਾਂ ਵਿਚਕਾਰ ਬਣ ਸਕਦਾ ਹੈ ਇਸ

ਤੋਂ ਵੀ ਵੱਧ, ਰਾਜਿਸਥਾਨ ਵਲੋਂ ਟ੍ਰੀਬਿਊਨਲ ਦੇ ਫੈਸਲੇ ਵਿਰੁੱਧ, ਸੁਪਰੀਮ ਕੋਰਟ ਵਿਚ ਕੀਤੀ ਗਈ ਅਪੀਲ ਵੀ ਰੱਦ ਹੋ ਗਈ ਸੀ ।

ਪੰਜਾਬ ਦੇ ਪਾਣੀਆਂ ਉੱਪਰ, ਆਪਣਾ ਅਧਿਕਾਰ ਜਮਾਉਣ ਦੇ ਪੱਖ ਵਿਚ, ਕੇਂਦਰ ਵਲੋਂ ਪੇਸ਼ ਕੀਤੀ ਗਈ ਦੂਸਰੀ ਦਲੀਲ ਇਹ ਹੈ ਕਿ ਭਾਰਤ ਸਰਕਾਰ ਨੇ ਰਾਵੀ ਅਤੇ ਬਿਆਸ ਦਾ ਇਹ ਪਾਣੀ, ਇਕ ਅਰਬ ਰੁਪਏ ਅਦਾ ਕਰਕੇ, ਪਾਕਿਸਤਾਨ ਪਾਸੋਂ ਖਰੀਦਿਆ ਸੀ । ਪ੍ਰੰਤੂ ਸਰਕਾਰ ਦੇ ਇਸ ਪੱਖ ਨੂੰ ਇਹ ਤੱਥ ਝੁਠਲਾ ਰਿਹਾ ਹੈ ਕਿ ਪਾਕਿਸਤਾਨ ਨੂੰ ਕੀਤੀ ਗਈ ਅਦਾਇਗੀ, ਪਾਣੀ ਦੀ ਕੀਮਤ ਵਜੋਂ ਨਹੀਂ ਸੀ ਪ੍ਰੰਤੂ ਸ਼ਾਂਤੀ ਦੇ ਹਿਤ ਵਿਚ, ਪਾਕਿਸਤਾਨ ਅੰਦਰ ਮੁੜ ਉਸਾਰੀ ਕਰਨ ਦੇ ਕਾਰਜਾਂ ਲਈ ਸੀ ਅਤੇ ਹੋਰ ਇਹ ਕਿ ਪਾਕਿਸਤਾਨ ਨੂੰ ਮਦਦ ਦੇਣ ਵਾਲਾ ਦੇਸ਼ ਕੇਵਲ ਭਾਰਤ ਹੀ ਨਹੀਂ ਸੀ ਸਗੋਂ 6 ਹੋਰ ਦੇਸ਼ਾਂ ਨੇ ਵੀ ਪਾਕਿਸਤਾਨ ਅੰਦਰ ਮੁੜ ਉਸਾਰੀ ਕਰਨ ਦੇ ਕਾਰਜਾਂ ਲਈ, 9 ਅਰਬ ਰੁਪਏ ਅਦਾ ਕੀਤੇ ਸਨ । ਇਸ ਤਰ੍ਹਾਂ, ਇਹ ਦੇਖਿਆ ਜਾ ਸਕਦਾ ਹੈ ਕਿ ਪੰਜਾਬ ਵਿਚਲੇ ਦਰਿਆਈ ਪਾਣੀਆਂ ਦੇ ਅਧਿਕਾਰ ਖੇਤਰ ਨੂੰ, ਆਪਣੇ ਹੱਕ 'ਚ ਲੈਣ ਲਈ, ਕੇਂਦਰ ਵਲੋਂ ਪੇਸ਼ ਕੀਤੀਆਂ ਗਈਆਂ ਦਲੀਲਾਂ, ਨਿਰ-ਅਧਾਰ ਹਨ ।

(5) ਆਮ ਕਰਕੇ ਪੰਜਾਬ ਤੇ ਖਾਸ ਕਰਕੇ ਸਿੱਖ ਭਾਈਚਾਰੇ ਦੇ ਖਿਲਾਫ ਪੰਜਵੀਂ ਵੱਡੀ ਵਿਤਕਰੇਬਾਜ਼ੀ, ਕੇਂਦਰ ਵਲੋਂ ਭਾਖੜਾ ਨੰਗਲ ਕੰਪਲੈਕਸ ਉਤੇ ਨਜਾਇਜ ਕਬਜਾ ਕੀਤਾ ਜਾਣਾ ਹੈ । ਕੇਂਦਰ, ਪੰਜਾਬ ਨੂੰ ਲੋੜੀਂਦੀ ਬਿਜਲੀ ਮੁਹੱਈਆ ਕੀਤੇ ਬਿਨਾਂ ਹੀ, ਇਸ ਨੂੰ ਦਿੱਲੀ, ਹਰਿਆਣਾ ਆਦਿ ਕੋਲ ਵੇਚ ਦਿੰਦਾ ਹੈ ।

(6) ਆਮ ਕਰਕੇ ਪੰਜਾਬ ਅਤੇ ਖਾਸ ਕਰਕੇ ਸਿੱਖ ਭਾਈਚਾਰੇ ਦੇ ਖਿਲਾਫ ਛੇਵੀਂ ਵੱਡੀ ਵਿਤਕਰੇਬਾਜ਼ੀ, ਪੰਜਾਬ ਅੰਦਰ ਵੱਡੀ ਤੇ ਦਰਮਿਆਨੀ ਸਨੱਅਤ ਦੇ ਵਿਕਾਸ ਸੰਬੰਧੀ ਹੈ, ਭਾਵੇਂ ਇਹ ਸਨੱਅਤ ਪਬਲਿਕ ਖੇਤਰ ਵਿਚ ਹੈ ਜਾਂ ਨਿੱਜੀ ਖੇਤਰ ਵਿਚ; ਬੀਤੇ 40 ਸਾਲਾਂ ਦੌਰਾਨ, ਪਬਲਿਕ ਖੇਤਰ ਵਿਚਲੇ ਕਾਰੋਬਾਰਾਂ (ਵਡੇ ਜਾਂ ਦਰਮਿਆਨੇ) ਲਈ ਬਣਦੇ ਪੰਜਾਬ ਦੇ ਬਕਾਏ ਅਤੇ ਨਿਜੀ ਖੇਤਰ ਵਿਚ ਸਨਅਤੀ ਲਾਇਸੈਂਸ ਦੇਣ ਤੋਂ ਇਨਕਾਰ ਕਰ ਦਿਤਾ ਗਿਆ । ਇਸ ਦਾ ਸਿੱਟਾ ਇਹ ਨਿਕਲਿਆ ਕਿ ਭਾਰਤ ਦੀ ਕੁੱਲ ਸਨਅੱਤੀ ਪੈਦਾਵਾਰ ਵਿਚ ਪੰਜਾਬ ਦਾ ਹਿੱਸਾ ਜੋ 1955-56 ਵਿਚ 4.1% ਸੀ, 1977-78 ਵਿਚ 2.8% ਰਹਿ ਗਿਆ ਅਤੇ ਇਹ ਵੀ ਕਿ 1978-79 'ਚ ਪੰਜਾਬ ਦੀ ਕੁੱਲ ਪੈਦਾਵਾਰ ਵਿਚ ਸਨਅੱਤ ਦਾ ਹਿਸਾ 11.7% ਸੀ ਜਦ ਕਿ ਮਹਾਂਰਾਸ਼ਟਰ, ਤਾਮਿਲਨਾਡੂ ਤੇ ਬੰਗਾਲ ਵਿਚ, ਇਹ ਉਸੇ ਸਾਲ ਕਰਮਵਾਰ 25%, 23% ਤੇ 28% ਸੀ (ਇਸੇ ਹੀ ਸਮੇਂ ਦੇਸ਼ ਪੱਧਰ 'ਤੇ ਇਹ ਹਿੱਸਾ 16.8% ਸੀ ।

(7) ਪੰਜਾਬ ਨਾਲ ਆਮ ਕਰਕੇ ਤੇ ਸਿੱਖ ਭਾਈਚਾਰੇ ਨਾਲ ਖਾਸ ਕਰਕੇ ਸੱਤਵੀਂ ਵਿਤਕਰੇਬਾਜ਼ੀ ਥੀਨ ਡੈਮ ਨੂੰ ਪਹਿਲਾਂ ਮਨਜ਼ੂਰੀ ਦੇਣ ਅਤੇ ਫਿਰ ਇਸਨੂੰ ਨੇਪਰੇ ਚਾੜ੍ਹਨ ਵਿਚ, ਗੈਰ-ਮੁਨਾਸਬ ਦੇਰੀ ਕਰਨਾ । ਇਹ ਡੈਮ ਪੰਜਾਬ ਦੀਆਂ ਪਾਣੀ ਤੇ ਬਿਜਲੀ ਦੀਆਂ ਸਮੱਸਿਆਵਾਂ ਨੂੰ ਕੁਝ ਹੱਦ ਤਕ ਪੂਰੀਆਂ ਕਰ ਸਕਦਾ ਹੈ ।

(8) ਇਸ ਤਰ੍ਹਾਂ ਇਹ ਦੇਖਿਆ ਜਾ ਸਕਦਾ ਹੈ ਕਿ ਪੰਜਾਬ ਨਾਲ ਆਮ ਕਰਕੇ ਅਤੇ ਸਿੱਖ ਭਾਈਚਾਰੇ ਨਾਲ ਖਾਸ ਕਰਕੇ, ਕੇਂਦਰੀ ਸਰਕਾਰ ਵਲੋਂ ਕੀਤੀ ਜਾਂਦੀ ਵਿਤਕਰੇਬਾਜ਼ੀ ਇਕ ਅਜਿਹੀ ਲੰਬੀ ਪ੍ਰਕਿਰਿਆ ਹੈ ਜਿਸ ਨੇ, ਪਹਿਲਾਂ ਅਕਾਲੀ ਦਲ ਨੂੰ, ਅਨੰਦਪੁਰ ਸਾਹਿਬ ਦਾ ਮਤਾ ਪਾਸ ਕਰਨ ਅਤੇ ਫਿਰ 1981 'ਚ ਕੇਂਦਰ ਸਰਕਾਰ ਵਿਰੁੱਧ ਮੋਰਚਾ ਛੇੜਨ ਲਈ ਉਤੇਜਿਤ ਕੀਤਾ । ਭਾਵੇਂ ਇਸ ਮੋਰਚੇ ਦੇ ਫੌਰੀ ਭਖ ਪੈਣ ਦਾ ਕਾਰਨ, ਇੰਦਰਾ ਸਰਕਾਰ ਵਲੋਂ ਜੂਨ 1980 'ਚ ਪੰਜਾਬ ਦੀ ਅਕਾਲੀ ਵਜ਼ਾਰਤ ਨੂੰ ਭੰਗ ਕਰਨਾ ਵੀ ਸੀ ।

**ਅਕਾਲੀ ਮੋਰਚਾ :**

1981 ਦੇ ਅਕਾਲੀ ਮੋਰਚੇ ਦੇ ਸ਼ੁਰੂ ਹੋਣ ਤੋਂ ਲੈ ਕੇ ਘਟਨਾਵਾਂ ਦਾ ਵਹਿਣ ਇਸ ਤਰ੍ਹਾਂ ਰਿਹਾ ਹੈ :

(ੳ) ਮੋਰਚਾ ਪੰਜਾਬ ਨੂੰ, ਇਲਾਕਾਈ ਖੁਦਮੁਖਤਿਆਰੀ ਦੇਣ ਦੀ ਮੰਗ ਸਮੇਤ ਅਨੰਦਪੁਰ ਮਤੇ ਦੀਆਂ 45 ਮੰਗਾਂ ਨੂੰ ਪ੍ਰਾਪਤ ਕਰਨ ਲਈ ਲਾਇਆ ਗਿਆ ਸੀ । ਲੋਕਾਂ ਨੇ ਆਮ ਕਰਕੇ ਇਸ ਮੋਰਚੇ ਨੂੰ ਜੀ ਆਇਆਂ ਕਿਹਾ । ਹਕੂਮਤ ਵਲੋਂ ਅਥਾਹ ਜਬਰ-ਜ਼ੁਲਮ ਢਾਹੁਣ ਦੇ ਬਾਵਜੂਦ ਵੀ, ਲੋਕਾਂ ਨੇ ਮਹਾਨ ਕੁਰਬਾਨੀਆਂ ਦਿਤੀਆਂ ।

(ਅ) ਇਹ ਮੋਰਚਾ ਸਮੁਚੇ ਰੂਪ ਵਿਚ ਵੇਖਿਆਂ ਗੈਰ-ਫਿਰਕੂ ਸੀ । ਫਿਰ ਵੀ ਇਸ ਦੇ ਢੰਗਾਂ ਵਿਚ ਕੁਝ ਫਿਰਕੂ ਨੀਤੀ ਨਜ਼ਰ ਆਉਂਦੀ ਸੀ ਜਿਵੇਂ ਕਿ ਇਸ ਗੁਰ-ਦੁਆਰਿਆਂ ਦੇ ਅੰਦਰੋਂ ਚਲਾਇਆ ਜਾਂਦਾ ਰਿਹਾ ਅਤੇ ਇਸ ਵਿਚ ਕੁਝ ਧਾਰਮਿਕ ਮੁਹਾਵਰੇ ਤੇ ਨਾਹਰੇ ਵਰਤੇ ਜਾਂਦੇ ਰਹੇ (ਜਿਵੇਂ, "ਰਾਜ ਕਰੇਗਾ ਖਾਲਸਾ-ਆਕੀ ਰਹੇ ਨਾ ਕੋਇ", "ਖਾਲਸਾ ਜੀ ਕੇ ਬੋਲ-ਬਾਲੇ", ਪੰਜਾਬ ਖਤਰੇ ਵਿਚ ਹੈ", "**ਮੋਰਚਾ ਧਰਮ ਯੁੱਧ ਹੈ**" ਇਤਿਆਦਿ) ਇਨ੍ਹਾਂ ਨਾਲ ਮੋਰਚਾ ਉਨ੍ਹਾਂ ਗੈਰ-ਸਿੱਖ ਲੋਕਾਂ ਨਾਲੋਂ ਕੱਟਿਆ ਗਿਆ ਜਿਨ੍ਹਾਂ ਨੇ ਇਸ ਦੀਆਂ ਆਮ ਮੰਗਾਂ ਦੀ ਪ੍ਰਾਪਤੀ ਲਈ ਹਿੱਸਾ ਪਾਇਆ । ਇਸ ਫਿਰਕੂ ਝੁਕ ਨੇ, ਮਰਹੂਮ ਇੰਦਰਾ ਗਾਂਧੀ ਨੂੰ ਵੀ, ਇਹ ਮੌਕਾ ਦਿਤਾ ਕਿ

ਉਹ ਸਮੁੱਚੀ ਅਕਾਲੀ ਐਜੀਟੇਸ਼ਨ ਨੂੰ, ਭਾਰਤ ਦੇ ਹੋਰਨਾਂ ਹਿੱਸਿਆਂ ਦੇ ਲੋਕਾਂ ਸਾਹਮਣੇ, ਕੌਮੀ ਏਕਤਾ ਤੇ ਅਖੰਡਤਾ ਲਈ ਖਤਰੇ ਵਜੋਂ ਪੇਸ਼ ਕਰੇ। ਇਥੋਂ ਤਕ ਕਿ ਇੰਦਰਾ ਗਾਂਧੀ ਲਈ ਇਸ ਮੌਕਾ ਮੇਲ ਨੂੰ, ਵਿਰੋਧੀ ਧਿਰ ਦੀਆਂ ਕੌਮੀ ਪਾਰਟੀਆਂ (ਸੀ. ਪੀ. ਆਈ.) ਸੀ. ਪੀ. ਐਮ., ਜਨਤਾ, ਲੋਕ ਦਲ ਤੇ ਬੀ. ਜੇ. ਪੀ. ਆਦਿ) ਨੇ ਵੀ ਬਿਨਾਂ ਕਿੰਤੂ ਕੀਤਿਆਂ ਮੰਨ ਲਿਆ।

(ੲ) ਉਸ ਸਮੇਂ ਦੀ ਇੰਦਰਾ ਸਰਕਾਰ ਨੇ ਅਕਾਲੀ ਮੋਰਚੇ ਦੇ ਐਨ ਸ਼ੁਰੂ ਤੋਂ ਹੀ ਇਸ ਪ੍ਰਤੀ ਦੋਗਲੀ ਨੀਤੀ ਅਖਤਿਆਰ ਕਰੀ ਰੱਖੀ। ਅਰਥਾਤ ਇਸ ਨੇ ਇਕ ਪਾਸੇ ਅਕਾਲੀ ਮੋਰਚੇ ਨੂੰ ਫਿਰਕੂ ਐਜੀਟੇਸ਼ਨ ਵਜੋਂ ਚਰਿਤਰਿਤ ਕੀਤਾ ਅਤੇ ਦੂਸਰੇ ਪਾਸੇ ਖੁਦ ਹਰਿਆਣੇ ਨੂੰ, ਪੰਜਾਬ ਵਿਰੁੱਧ ਉਕਸਾ ਕੇ, ਅਕਾਲੀ ਜਥਿਆਂ ਦੇ ਮੁਕਾਬਲੇ ਹਿੰਦੂ ਸੁਰੱਖਿਆ ਸੰਮਤੀਆਂ ਖੜੀਆਂ ਕਰਕੇ, ਅਕਾਲੀ ਮੋਰਚੇ ਦਾ ਖਾਸਾ ਭਾਰਤ ਵਿਰੋਧੀ ਤੇ ਹਿੰਦੂ ਵਿਰੋਧੀ ਧਾਰਮਿਕ ਜਜ਼ਬਾਤ ਭੜਕਾਉਣ ਲਈ ਦੋਸ਼ੀ ਠਹਿਰਾਇਆ ਅਤੇ ਦੂਜੇ ਪਾਸੇ ਕੋਈ ਮਹੱਤਵ ਪੂਰਨ ਆਰਥਿਕ ਤੇ ਰਾਜਨੀਤਕ ਮੰਗ ਮੰਨੇ ਬਿਨਾਂ, ਧਾਰਮਿਕ ਮੰਗਾਂ ਪ੍ਰਵਾਨ ਕਰ ਲਈਆਂ। ਇਸ ਤੋਂ ਅਗੇ, ਸਰਕਾਰ ਨੇ, ਇਕ ਪਾਸੇ ਅਕਾਲੀਆਂ ਨੂੰ ਕਦੇ ਕਦਾਈਂ ਗੱਲ ਬਾਤ ਵਾਸਤੇ ਸੱਦਾ ਦੇ ਕੇ, ਆਪਣੇ ਆਪ ਨੂੰ ਸਮਝੌਤਾ ਪਸੰਦ ਹੋਣ ਵਜੋਂ ਪੇਸ਼ ਕੀਤਾ ਅਤੇ ਦੂਜੇ ਪਾਸੇ ਗੱਲ ਬਾਤ ਦੇ ਇਕ ਅਮੁੱਕ ਤੇ ਗੈਰ-ਅਸੂਲੀ ਢੰਗ 'ਤੇ ਅਮਲ ਕੀਤਾ। ਫਿਰਕੂ ਤਣਾ ਨੂੰ ਹਵਾ ਦੇਣ ਅਤੇ ਅਕਾਲੀ ਮੋਰਚੇ ਨੂੰ ਲਮਕਾਉਣ ਦੀ ਦੋਗਲੀ ਨੀਤੀ ਨੇ, ਦੋ ਪਾਸੜ ਅਸਰ ਪਾਇਆ। ਭਾਵ, ਇਕ ਪਾਸੇ ਇਸ ਨੇ ਅਕਾਲੀ ਦਲ ਦੇ ਅੰਦਰ ਖਾਲਿਸ-ਤਾਨੀ ਗਰੁੱਪ ਦੇ ਵਧਣ ਫੁੱਲਣ ਲਈ ਜ਼ਮੀਨ ਨੂੰ ਜ਼ਰਖੇਜ ਬਣਾਇਆ ਅਤੇ ਦੂਸਰੇ ਪਾਸੇ ਹਿੰਦੂਆਂ ਤੇ ਸਿੱਖਾਂ ਵਿਚਾਲ ਤਨਾਅ ਵਿਚ ਵਾਧਾ ਕੀਤਾ। ਜਿਵੇਂ ਜਿਵੇਂ ਸਮਾਂ ਲੰਘਦਾ ਗਿਆ ਇਸ ਨੀਤੀ ਦੇ ਲਾਜ਼ਮੀ ਸਿਟੇ ਵਜੋਂ ਅੰਮ੍ਰਿਤਸਰ ਦਰਬਾਰ ਸਾਹਿਬ ਅੰਦਰ ਹਥਿਆਰਬੰਦ ਦਖਲ ਅੰਦਾਜ਼ੀ (ਜੂਨ 1984) ਦੇ; ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ (ਅਕਤੂਬਰ 1984) ਅਤੇ ਫਿਰ ਇੰਦਰਾ ਗਾਂਧੀ ਦੇ ਕਤਲ ਤੋਂ ਫੌਰੀ ਬਾਅਦ ਸਿੱਖ ਵਿਰੋਧੀ ਦੰਗਿਆਂ (ਨਵੰਬਰ 1984) ਆਦਿ ਦੀਆਂ ਘਟਨਾਵਾਂ ਵਾਪਰੀਆਂ। ਇਹ ਤਿੰਨੇ ਹੀ ਘਟਨਾਵਾਂ ਬਹੁਤ ਹੀ ਦੁਖਦਾਈ ਸਨ। ਪਰ ਜਦੋਂ ਕਿ ਦਰਬਾਰ ਸਾਹਿਬ ਵਿਚ ਸੈਂਕੜੇ ਲੋਕ ਮਾਰੇ ਗਏ ਅਤੇ ਇੰਦਰਾ ਗਾਂਧੀ ਦੇ ਕਥਿਤ ਕਾਤਲਾਂ ਨੂੰ ਮੌਤ ਦੀ ਸਜ਼ਾ ਦਿਤੀ ਜਾ ਚੁੱਕੀ ਹੈ ਤਾਂ ਸਿੱਖ ਵਿਰੋਧੀ ਦੰਗਿਆਂ ਨੂੰ ਜਥੇਬੰਦ ਕਰਨ ਵਾਲੇ ਅਤੇ ਇਨ੍ਹਾਂ 'ਚ ਸ਼ਾਮਲ ਦੋਸ਼ੀ ਖੁਲ੍ਹੇਆਮ ਫਿਰ ਰਹੇ ਹਨ। ਤੇ ਸਰਕਾਰ ਤੇ ਹਾਕਮ ਪਾਰਟੀ ਵਿਚ ਉੱਚੀਆਂ ਪਦਵੀਆਂ ਤੇ ਬੈਠੇ ਹਨ। ਏਥੋਂ ਤਕ ਕਿ ਦੰਗਿਆਂ ਦੇ ਸ਼ਿਕਾਰ ਹੋਏ ਲੋਕਾਂ, ਜਿਨ੍ਹਾਂ ਨੇ ਮਿਸ਼ਰਾ ਕਮਿਸ਼ਨ ਸਾਹਮਣੇ ਆਪਣੀਆਂ ਮੁਸੀਬਤਾਂ ਰੱਖੀਆਂ ਸਨ, ਨੂੰ ਕਸ਼ਟ ਦਿਤੇ ਜਾ ਰਹੇ ਹਨ। ਨਵੰਬਰ 1984 ਦੇ ਦੰਗਿਆਂ ਦਾ ਭੂਤ ਅਜੇ ਵੀ ਭਾਰਤ ਵਿਚਲੇ ਸਿੱਖਾਂ ਉਪਰ ਝਪਟਦਾ ਪਿਆ ਹੈ। ਗੱਦੀ ਪ੍ਰਾਪਤ ਕਰਨ ਤੋਂ ਬਾਅਦ ਰਾਜੀਵ ਨੇ ਵੀ ਆਪਣੀ ਮਾਂ ਦੇ ਪੈਰ ਚਿੰਨ੍ਹਾਂ ਤੇ ਚੱਲਣਾ ਸ਼ੁਰੂ ਕੀਤਾ ਹੈ। ਹਾਕਮ ਪਾਰਟੀ ਦੀ ਅਤਿਅੰਤ ਘਟੀਆ ਕਾਰਗੁਜ਼ਾਰੀ ਹੋਣ ਦੇ ਬਾਵਜੂਦ, "ਸਿੱਖ ਅਤਿਵਾਦ" ਤੋਂ ਭਾਰਤ ਨੂੰ ਖਤਰਾ ਦਰਸਾ ਕੇ ਅਤੇ ਆਪਣੀ ਚੋਣ ਮੁਹਿੰਮ ਦੌਰਾਨ, ਸਿੱਖਾਂ ਨੂੰ ਵੱਖ-ਵਾਦੀਆਂ, ਦਹਿਸ਼ਤ ਪਸੰਦਾਂ, ਗਦਾਰਾਂ ਆਦਿ ਵਜੋਂ ਪ੍ਰਚਾਰ ਕੇ, 1985 ਦੀਆਂ ਚੋਣਾਂ ਜਿੱਤ ਲਈਆਂ। ਚੋਣਾਂ ਜਿੱਤਣ ਤੋਂ ਬਾਅਦ ਰਾਜੀਵ ਨੇ, ਜੂਨ 1985 'ਚ ਲੌਂਗੋਵਾਲ (ਜੋ ਉਸ ਸਮੇਂ ਅਕਾਲੀ ਦਲ ਦਾ ਪ੍ਰਧਾਨ ਪੂਰਦਾ ਸੀ) ਨਾਲ ਇਕ ਸਮਝੌਤੇ ਉਤੇ ਦਸਖਤ ਕੀਤੇ। ਇਹ ਸਮਝੌਤਾ ਦਸਤਖਤ ਕਰਨ ਵਾਲੀਆਂ, ਦੋਵਾਂ ਧਿਰਾਂ ਦੇ ਹਿਤ ਪੂਰਦਾ ਸੀ। ਪਰ ਇਸ ਨੇ ਬਹੁਤ ਸਾਰੀਆਂ ਜਨਤਕ ਮੰਗਾਂ ਨੂੰ ਨਜ਼ਰ ਅੰਦਾਜ਼ ਕਰ ਦਿਤਾ। ਲੌਂਗੋ-ਵਾਲ ਗਰੁੱਪ ਨੂੰ ਅਕਾਲੀ ਦਲ ਦੇ ਇਕੋ ਇਕ ਪ੍ਰਤੀਨਿਧ ਗਰੁੱਪ ਵਜੋਂ ਉਭਾਰ ਕੇ, ਹੋਰ ਸਾਰੇ ਅਕਾਲੀ ਧੜਿਆਂ ਦਾ ਮਾਨ ਘਟਾਇਆ ਅਤੇ ਉਨ੍ਹਾਂ ਨੂੰ ਆਪਣਾ ਘੋਲ ਜਾਰੀ ਰੱਖਣ 'ਅਤੇ ਇਸ ਵਿਚ ਤੇਜ਼ੀ ਲਿਆਉਣ ਲਈ ਉਤੇਜਿਤ ਕੀਤਾ। ਰਾਜੀਵ ਸਰਕਾਰ ਨੇ ਖੁਦ ਲਈ ਇਕ ਲਾਹੇਵੰਦ ਸਮਝੌਤਾ ਕਰਨ ਦੇ ਬਾਵਜੂਦ, ਹਰਿਆਣਾ ਤੇ ਹੋਰ ਥਾਈਂ ਰਾਜਨੀਤਕ ਲਾਭ ਪ੍ਰਾਪਤ ਕਰਨ ਦੀ ਖਾਤਰ ਇਸ ਸਮਝੌਤੇ 'ਤੇ ਪੂਰੀ ਤਰ੍ਹਾਂ ਅਮਲ ਕਰਨ ਤੋਂ ਜਾਣ ਬੁੱਝ ਕੇ ਮੂੰਹ ਫੇਰੀ ਰੱਖਿਆ। ਜੂਨ 1987 'ਚ ਹੋਈਆਂ ਹਰਿਆਣਾ ਚੋਣਾਂ ਦੁਰਾਨ, ਰਾਜੀਵ ਨੂੰ ਹਰਿਆਣੇ ਅੰਦਰਲੇ ਹਿੰਦੂ ਸ਼ਾਵਨਵਾਦ ਨੂੰ ਸੰਤੁਸ਼ਟ ਕਰਨ ਦੀ ਖਾਤਰ, ਬਰਨਾਲਾ ਮੰਤਰੀ ਮੰਡਲ (ਜੋ ਲੌਂਗੋਵਾਲ ਗਰੁੱਪ ਨਾਲ ਸੰਬੰਧਤ ਸੀ) ਨੂੰ ਡਿਸਮਿਸ ਕਰਨ ਲਈ ਵੀ ਮਜ਼ਬੂਰ ਹੋਣਾ ਪਿਆ। ਇਸ ਹਿੰਦੂ ਮੂਲਵਾਦ ਨੂੰ ਸਿੱਖ ਵਿਰੋਧੀ ਪ੍ਰਾਪੇਗੰਡਾ ਕਰਕੇ, ਪਹਿਲਾਂ ਖੁਦ ਹੀ ਪੈਦਾ ਕੀਤਾ ਸੀ। ਇੰਦਰਾ ਗਾਂਧੀ ਤੋਂ ਪਿਛੋਂ ਦੇ ਕਾਲ ਦੌਰਾਨ, ਰਾਜੀਵ ਵਲੋਂ ਉਠਾਏ ਗਏ ਉਪਰੋਕਤ ਸਾਰੇ ਕਦਮਾਂ ਨੇ ਇਕ ਪਾਸੇ ਖਾਲਿਸਤਾਨੀ ਗਰੁੱਪ ਜਿਸਦੀਆਂ ਸਰਗਰਮੀਆਂ ਰਾਜੀਵ ਲੌਂਗੋਵਾਲ ਸਮਝੌਤੇ ਤੋਂ ਪਿਛੋਂ ਅਤੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਦੁਰਾਨ ਮੱਠੀਆਂ ਸਨ, ਨੂੰ ਸਰਗਰਮ ਕਰ ਦਿਤਾ ਅਤੇ ਦੂਜੇ ਪਾਸੇ ਹਰਿਆਣਾ ਤੇ ਭਾਰਤ ਦੇ ਹੋਰ ਹਿਸਿਆਂ ਵਿਚ ਹਿੰਦੂ ਮੂਲਵਾਦ ਨੂੰ

ਉਤਸਾਹਿਤ ਕੀਤਾ । ਕੁਝ ਮਿਲਾ ਕੇ ਫਿਰਕੂ ਤੱਤਾਂ ਨੂੰ ਹਵਾ ਦੇਣ ਦੀ ਇੰਦਰਾ ਰਾਜੀਵ ਨੀਤੀ (ਜੋ ਨਹਿਰੂ ਕਾਲ ਦੌਰਾਨ ਹਾਕਮ ਪਾਰਟੀ ਦੀ ਲਾਹੇਵੰਦ ਹਾਲਤ ਹੋਣ ਕਾਰਨ ਨਹਿਰੂ ਵਲੋਂ ਇਸ ਤਰ੍ਹਾਂ ਵਾਰ ਵਾਰ ਨਹੀਂ ਵਰਤੀ ਜਾਂਦੀ ਸੀ, ਨੇ ਭਾਰਤ ਤੇ ਪੰਜਾਬ ਨੂੰ ਹਾਲੀਆ ਖਤਰਨਾਕ ਹਾਲਤ ਦੇ ਕਿਨਾਰੇ ਖੜਾ ਕੀਤਾ ।

**ਹੱਲ ਕਿਵੇਂ ਹੋਵੇ :**

ਉਪਰੋਕਤ ਤੱਥਾਂ ਦੀ ਰੌਸ਼ਨੀ ਵਿਚ, ਸਪਸ਼ਟ ਤੌਰ ਤੇ ਇਹ ਸਿੱਟਾ ਨਿਕਲਦਾ ਹੈ ਕਿ ਪੰਜਾਬ ਸੰਕਟ ਦਾ ਪਾਏਦਾਰ ਹੱਲ, ਸਿੱਖ ਫਿਰਕੇ ਦੇ ਖਿਲਾਫ, ਕਾਂਗਰਸ ਹਕੂਮਤ ਦੀ ਵਿਤਕਰੇ ਭਰੀ ਨੀਤੀ ਨੂੰ ਖਤਮ ਕਰਕੇ ਹੀ ਕੀਤਾ ਜਾ ਸਕਦਾ ਹੈ । ਅਜਿਹਾ ਹੱਲ ਦੋ ਬੁਨਿਆਦੀ ਅਸੂਲਾਂ ਦੀ ਰੋਸ਼ਨੀ ਵਿਚ ਹੀ ਸੰਭਵ ਹੋ ਸਕਦਾ ਹੈ । ਪਹਿਲਾ, ਇਹ ਕਿ ਹਿੰਦੂ-ਸਿੱਖ ਫਿਰਕਿਆਂ ਦੀ ਏਕਤਾ ਮਜ਼ਬੂਤ ਹੋਵੇ ਅਤੇ ਦੂਸਰਾ, ਇਹ ਕਿ ਸਿੱਖ ਇਕ ਘੱਟ ਗਿਣਤੀ ਫਿਰਕੇ ਦੇ ਤੌਰ ਤੇ ਆਪਣੇ ਧਰਮ ਤੇ ਸਭਿਆ-ਚਾਰ ਨੂੰ, ਭਾਰਤੀ ਰਾਜ ਦੇ ਅੰਦਰ ਸੁਰੱਖਿਅਤ ਸਮਝਣ । ਸਪਸ਼ਟ ਹੈ ਕਿ ਇਹੋ ਦੋਵੇਂ ਅਸੂਲ ਜ਼ੋਰ-ਜ਼ਬਰਦਸਤੀ ਜਾਂ ਲੇਪਾ-ਪੋਚੀ ਦੇ ਢੰਗ ਤਰੀਕਿਆਂ ਰਾਹੀਂ ਹਾਸਲ ਨਹੀਂ ਕੀਤੇ ਜਾ ਸਕਦੇ ।

ਇਥੇ ਅਸੀਂ ਆਪਣੀ ਗੱਲ ਮੁੜਦੁਹਰਾ ਰਹੇ ਹਾਂ ਕਿ ਪੰਜਾਬ ਸਮੱਸਿਆ ਦੇ ਮੌਜੂਦਾ ਸੰਕਟ ਨੂੰ ਹੱਲ ਕਰਨ ਲਈ, ਇਕ ਦੋ ਤਰਫਾ ਸੁਝਾਓ ਨੂੰ ਲਾਗੂ ਕਰਨ ਲਈ ਕੇਂਦਰ ਪਹਿਲ ਕਦਮੀ ਕਰੇ । ਇਸ ਤਜਵੀਜ਼ ਦਾ ਇਕ ਪਹਿਲੂ ਇਹ ਹੈ ਕਿ ਕੇਂਦਰੀ ਸਰਕਾਰ ਸਾਰੀਆਂ ਸਿਖ ਜਥੇ-ਬੰਦੀਆਂ (ਖਾਲਿਸਤਾਨੀ ਕੌਂਸਲ ਸਮੇਤ) ਨੂੰ ਗੱਲ ਬਾਤ ਲਈ ਸੱਦਾ ਦੇਣ ਵਿਚ ਪਹਿਲ ਕਰੇ ਅਤੇ ਦੂਸਰਾ ਇਹ ਹੈ ਕਿ ਇਸ ਗੱਲ ਬਾਤ ਦੌਰਾਨ ਕੇਂਦਰੀ ਸਰਕਾਰ ਪੰਜਾਬ ਸੰਕਟ ਨੂੰ ਹੱਲ ਕਰਨ ਵਾਸਤੇ ਇਸ ਪ੍ਰਦੇਸ਼ ਨੂੰ **ਭਾਰਤੀ ਯੂਨੀਅਨ ਦੇ ਅੰਦਰ ਇਲਾਕਾਈ ਖੁਦਮੁਖਤਿਆਰੀ** (ਜੰਮੂ ਕਸ਼ਮੀਰ ਦੀ ਤਰ੍ਹਾਂ) ਦੇਣ ਦਾ ਸੁਝਾਓ ਪੇਸ਼ ਕਰੇ ।

ਇਹ ਤਜਵੀਜ਼ ਸਿਰਫ ਹਿੰਦੂ ਤੇ ਸਿੱਖ ਫਿਰਕਿਆਂ ਨੂੰ ਨਜ਼ਦੀਕ ਨਹੀਂ ਲਿਆਵੇਗੀ ਸਗੋਂ ਸਿੱਖ ਫਿਰਕੇ ਸਮੇਤ ਸਾਰੇ ਘੱਟ ਗਿਣਤੀ ਫਿਰਕਿਆਂ ਅੰਦਰ, ਭਾਰਤੀ ਧਰਮ ਨਿਰਪੱਖਤਾ ਦੇ ਸਬੰਧ ਵਿਚ ਨਵਾਂ ਵਿਸ਼ਵਾਸ਼ ਤੇ ਭਰੋਸਾ ਪੈਦਾ ਕਰੇਗੀ ਅਤੇ ਇਕ ਤਰ੍ਹਾਂ ਪੰਜਾਬ ਸਮੇਤ ਸਮੁੱਚੇ ਭਾਰਤੀ ਲੋਕਾਂ ਦੇ ਹਿਤਾਂ ਦੀ ਸੇਵਾ ਕਰੇਗੀ । ਇਸ ਦੋ ਤਰਫਾ ਹੱਲ ਵਾਸਤੇ ਸੁਖਾਵਾਂ ਮਹੌਲ ਪੈਦਾ ਕਰਨ ਦੇ ਸਿਲਸਲੇ ਵਿਚ ਹਕੂਮਤ ਫੌਰੀ ਤੌਰ ਤੇ ਹੇਠ ਦਿਤੇ ਕਦਮ ਉਠਾਵੇ : (1) ਆਪਸੀ ਸਹਿਮਤੀ ਨਾਲ, ਇਕੋ ਸਮੇਂ, ਤੁਰੰਤ ਜੰਗਬੰਦੀ ਕਰਨ ਦਾ ਐਲਾਨ ਕਰੇ, (2) ਅਖੌਤੀ ਪੁਲਿਸ ਮੁਕਾਬਲਿਆਂ ਦੌਰਾਨ ਹੋਏ ਕਤਲਾਂ ਦੀ ਜਾਂਚ ਕਰਾਈ ਜਾਏ, (3) ਜੋਧਪੁਰ ਦੇ ਨਜ਼ਰਬੰਦਾਂ ਸਮੇਤ ਪੰਜਾਬ ਮਸਲੇ ਨਾਲ ਸਬੰਧਤ ਸਭ ਪ੍ਰਕਾਰ ਦੇ ਰਾਜਨੀਤਕ ਕੈਦੀਆਂ ਨੂੰ ਆਮ ਮੁਆਫੀ ਦਿਤੀ ਜਾਵੇ; (4) ਅਕਾਲੀ ਮੋਰਚੇ ਨਾਲ ਸਬੰਧਤ ਸਾਰੇ ਫੌਜੀ ਜਵਾਨਾਂ, ਭਾਵੇਂ ਉਹ ਡਿਸਚਾਰਜ ਕੀਤੇ ਜਾ ਚੁੱਕੇ ਹਨ ਜਾਂ ਸਜ਼ਾ ਭੁਗਤ ਰਹੇ ਹਨ ਨੂੰ ਮੁੜ ਬਹਾਲ ਕੀਤਾ ਜਾਵੇ; (5) ਨਵੰਬਰ 1984 ਦੇ ਸਿਖ ਵਿਰੋਧੀ ਦੰਗਿਆਂ ਦੌਰਾਨ ਕਸੂਰਵਾਰ ਪਾਏ ਗਏ ਸਾਰੇ ਵਿਅਕਤੀਆਂ ਨੂੰ ਸਜ਼ਾ ਦਿਤੀ ਜਾਵੇ; (6) ਚੰਡੀਗੜ੍ਹ ਨੂੰ ਪੰਜਾਬ 'ਚ ਸ਼ਾਮਲ ਕੀਤਾ ਜਾਵੇ ਅਤੇ ਹਰਿਆਣੇ ਨੂੰ ਇਕ ਨਵੀਂ ਰਾਜਧਾਨੀ ਦੀ ਉਸਾਰੀ ਲਈ, ਕੇਂਦਰ ਵਲੋਂ ਉਚਿਤ ਮੁਆਵਜ਼ਾ ਦਿਤਾ ਜਾਵੇ; (7) ਦਰਿਆਈ ਪਾਣੀਆਂ ਦਾ ਝਗੜਾ ਸੁਪਰੀਮ ਕੋਰਟ ਦੇ ਹਵਾਲੇ ਕੀਤਾ ਜਾਵੇ, ਤਾਂ ਜੋ ਸੰਵਿਧਾਨ ਕਾਨੂੰਨ ਤੇ ਰੀਤੀ ਦੇ ਅਧਾਰ ਉਤੇ ਫੈਸਲਾ ਕੀਤਾ ਜਾ ਸਕੇ; /8) ਪੰਜਾਬ ਹਰਿਆਣਾ, ਪੰਜਾਬ ਰਾਜਿਸਥਾਨ ਤੇ ਪੰਜਾਬ ਹਿਮਾਚਲ ਦੀਆਂ ਸਰਹੱਦਾਂ ਦੇ ਇਲਾਕਾਈ ਝਗੜਿਆਂ ਨੂੰ ਭਾਸ਼ਾ, ਨੇੜਤਾ ਤੇ ਪਿੰਡ ਨੂੰ ਇਕਾਈ ਮੰਨਣ ਦੇ ਅਸੂਲ ਦੇ ਅਧਾਰ ਉਤੇ ਹੱਲ ਕਰਨ ਲਈ ਮਾਹਿਰਾਂ ਦਾ ਇਕ ਕਮਿਸ਼ਨ ਕਾਇਮ ਕੀਤਾ ਜਾਵੇ ।

o

---

## ਇਨਕਲਾਬੀ ਸਫਾਂ ਦੇ ਵਿਸ਼ਾਲ' ਹਿੱਸਿਆਂ ਲਈ ਸਪਸ਼ਟੀਕਰਨ

ਸਮਤਾ 99 ਵਿਚ ਸ੍ਰੀ ਵਿਕਰਮ ਸਿੰਘ ਸਮਰਾਲਾ ਦੇ 'ਕਾਮਰੇਡ ਅਜਮੇਰ ਸਿੰਘ ਨੂੰ ਦਸ ਸਵਾਲ' ਵਿਚੋਂ ਇਕ ਸਵਾਲ ਬਹੁਜਨ ਸਮਾਜ ਪਾਰਟੀ ਬਾਰੇ ਪੁਛਿਆ ਗਿਆ ਉਨ੍ਹਾਂ ਦੀ ਨਕਾਰਮਤਕ ਸੋਚ ਦੀ ਉਪਜ ਜਾਪਦਾ ਹੈ । ਚੰਗੀ ਗੱਲ ਇਹ ਸੀ ਕਿ 'ਅਖੌਤੀ ਸਾਥੀ ਜੀ' ਪਹਿਲਾਂ ਬਹੁਜਨ ਸਮਾਜ ਪਾਰਟੀ ਬਾਰੇ ਜਾਣਕਾਰੀ ਹਾਸਲ ਕਰਦੇ, ਫੇਰ ਹੀ ਉਸ ਸੰਬੰਧੀ ਲਿਖਦੇ । ਇਸ ਲਈ ਸਾਡੇ ਕੋਲੋਂ ਸਪਸ਼ਟੀਕਰਨ ਦੇਣਾ ਜ਼ਰੂਰੀ ਬਣ ਗਿਆ ਹੈ ਕਿ 'ਬਹੁਜਨ ਸਮਾਜ ਪਾਰਟੀ' ਜਾਤ ਅਧਾਰਤ ਪਾਰਟੀ ਨਹੀਂ ਨਾ ਹੀ ਇਹ ਦੇਸ਼ ਅੰਦਰ ਜਾਤ ਪਾਤ ਨੂੰ ਭੜਕਾ ਰਹੀ ਹੈ । ਪਾਰਟੀ ਨੇ 15 ਅਗਸਤ 1987 ਤੋਂ 14 ਅਗਸਤ 1988 ਤਕ 'ਜਾਤ ਤੋੜੋ ਸਮਾਜ ਜੋੜੋ' ਦੀ ਸਮੁੱਚੇ ਭਾਰਤ ਅੰਦਰ ਚਲਾਈ ਮੁਹਿੰਮ ਅਜੇ ਕੱਲ ਹੀ ਖਤਮ ਕੀਤੀ ਹੈ । ਨਾ ਹੀ ਇਸ ਦਾ ਇਹ ਨਾਅਰਾ ਹੈ ਕਿ "ਬਰਾਹਮਣ-ਬਾਣੀਆਂ ਚੋਰ-ਬਾਕੀ ਸਾਰੇ ਡੀ. ਐਸ. ਫੋਰ ।" ਨਾ ਹੀ ਇਸ ਦੇ ਨੇਤਾ ਇਹ ਐਲਾਨ ਕਰਦੇ ਹਨ ਕਿ ਬ੍ਰਾਹਮਣ ਅਤੇ

ਬਾਣੀਆ ਸਾਡੀਆਂ ਕਾਨਫਰੰਸਾਂ ਵਿਚ ਸ਼ਾਮਲ ਨਾ ਹੋਣ। ਸਗੋਂ ਅਸੀਂ ਤਾਂ ਸਭ ਨੂੰ ਸੱਦਾ ਦਿੰਦੇ ਹਾਂ ਕਿ ਉਹ ਸਾਡੀਆ ਸਮੱਸਿਆਵਾਂ ਨੂੰ ਜਾਣਨ। ਸਾਡੀ ਕਿਸੇ ਜਾਤੀ ਵਿਸ਼ੇਸ਼ ਨਾਲ ਟੱਕਰ ਨਹੀਂ ਅਸੀਂ ਤਾਂ ਮੰਨੂੰਵਾਦੀ ਵਿਚਾਰ-ਧਾਰਾ ਦਾ ਅੰਤ ਚਾਹੁੰਦੇ ਹਾਂ। ਜਿਸ ਨੇ ਭਾਰਤ ਅੰਦਰਲੇ ਕਰੋੜਾਂ ਵਾਸੀਆਂ ਨੂੰ ਪਸ਼ੂਆਂ ਵਾਂਗ ਸਮਝ ਰੱਖਿਆ ਹੈ।

ਅਗਲੇ ਸਵਾਲ ਵਿਚ ਸਾਡਾ 'ਸਿਆਣਾ ਸਾਥੀ' ਪੁੱਛਣ ਦੀ ਥਾਂ ਉਤਰ ਦਿੰਦਾ ਹੈ ਕਿ ਛੂਤ ਛਾਤ ਤਕਰੀਬਨ ਖਤਮ ਹੋ ਗਿਆ ਹੈ ਅਜਿਹਾ ਸੋਚਨਾ 'ਬੁਧੂਆਂ ਦੇ ਬਹਿਸ਼ਤ' ਵਿਚ ਰਹਿਣ ਵਾਲੀ ਗਲ ਹੈ। ਇਸ ਸਵਾਲ ਵਿਚ ਉਨ੍ਹਾਂ ਪੁਛਿਆ ਹੈ ਕਿ ਬ੍ਰਾਹਮਣਵਾਦ ਦੇ ਖਿਲਾਫ ਸਘੰਰਸ਼ ਤੇ ਏਨਾ ਕਿਉਂ ਜ਼ੋਰ ਦਿਤਾ ਜਾ ਰਿਹਾ ਹੈ ? ਇਸ ਸਬੰਧ ਵਿਚ ਢੇਰ ਸਾਰਾ ਉੱਤਰ ਦੇਣ ਯੋਗ ਹੈ ਜੇ 'ਸਮਤਾ' ਦੇ ਪੰਨਿਆਂ ਵਿਚ ਸਾਨੂੰ ਥਾਂ ਮਿਲੇਗੀ ਤਾਂ ਅਸੀਂ ਹਰ ਅੰਕ ਵਿਚ ਲੜੀਵਾਰ ਉੱਤਰ ਦਿਆਂਗੇ।

ਗੁਰਸ਼ਰਨ ਭਾਅ ਜੀ ਸਾਨੂੰ ਸਮਤਾ ਵਿਚ ਥਾਂ ਦੇਣ ਦੀ ਖੇਚਲ ਕਰਨ। ਇਸ ਦੇ ਨਾਲ ਹੀ ਅਸੀਂ 'ਅਖੌਤੀ ਕਾਮਰੇਡਾਂ' ਨੂੰ ਸਲਾਹ ਦਿਆਂਗੇ ਕਿ ਉਹ ਚਿਕੜ-ਉਛਾਲੇ ਦੀ ਰਾਜਨੀਤੀ ਤੋਂ ਉਪਰ ਉੱਠਣ ਅਤੇ ਜੇ ਉਹ ਸੁਹਿਰਦ ਹਨ ਤਾਂ ਕਰਾਂਤੀ ਲਈ ਕਰੋੜਾਂ ਦਲਿਤਾਂ ਨੂੰ ਤਿਆਰ ਕਰਨ ਲਈ ਨੇੜੇ ਆਉਣ ਤੇ ਅਖੌਤੀ ਛੂਤ ਛਾਤ ਤੋਂ ਨਾ ਡਰਨ।

ਸ਼ੁਭਚਿੰਤਕ
ਬਚਨ ਸਿੰਘ ਪ੍ਰਧਾਨ

## ਜੱਸੀ ਕਿਥੇ ਖੜ੍ਹਾ ਹੈ ?

### ਹਰਜੀਤ ਸਿੰਘ ਅਟਵਾਲ

ਸਮਤਾ ਦੇ ਜੁਲਾਈ ਅੰਕ ਵਿਚ ਜਸਪਾਲ ਜੱਸੀ ਨੇ ਲਿਖਿਆ ਹੈ "ਪੈਗਮਪੰਥੀ ਸ਼ਖਸ਼...ਹਰਜੀਤ ਅਟਵਾਲ ਵਲੋਂ...ਇਹ ਪ੍ਰਭਾਵ ਪੈਦਾ ਕਰਨ ਦਾ ਸੋਚਿਆ ਸਮਝਿਆ ਯਤਨ ਕੀਤਾ ਗਿਆ ਹੈ ਕਿ ਇਨਕਲਾਬੀ ਜਨਤਕ ਲੀਹ ਦਾ ਪੈਂਤੜਾ ਹਕੂਮਤੀ ਦਹਿਸ਼ਤ ਗਰਦੀ ਦੀ ਹਮਾਇਤ ਦਾ ਪੈਂਤੜਾ ਹੈ ਕਿ ਇਸ ਨੇ ਹਕੂਮਤੀ ਹਥਿਆਰਬੰਦ ਸ਼ਕਤੀਆਂ ਦੀ ਸਹਾਇਕ ਟੁੱਕੜੀ ਵਜੋਂ ਰੋਲ ਨਿਭਾਉਣ ਦਾ ਕਾਰਜ ਕੱਢਿਆ ਹੈ...ਕੁੱਲ ਮਿਲਾ ਕੇ ਸਾਡੀ ਪੁਜੀਸ਼ਨ ਇਉਂ ਪੇਸ਼ ਕੀਤੀ ਗਈ ਹੈ ਜਿਵੇਂ ਅਸੀਂ ਹਕੂਮਤ... ਨਾਲ ਰਲ ਕੇ ਚੱਲਣ ਦੀ ਪੁਜੀਸ਼ਨ ਲੈ ਰਹੇ ਹਾਂ"। ਇਸ ਦੇ ਨਾਲ ਹੀ ਉਸ ਨੇ ਇਹ ਲਾਈਨਾਂ ਜੋੜੀਆਂ ਹਨ "ਹਰਜੀਤ ਨੇ ਜਨਤਕ ਲੀਹ 'ਚੋਂ ਜਿਨ੍ਹਾਂ ਲਾਈਨਾਂ ਦਾ ਹਵਾਲਾ ਦਿਤਾ ਹੈ ਉਹ ਪ੍ਰਸੰਗ ਨਾਲੋਂ ਤੋੜ ਕੇ ਅਤੇ ਤੋੜ-ਮਰੋੜ ਕੇ ਦਿਤਾ ਗਿਆ ਹੈ ਅਤੇ ਮਨਚਾਹੇ ਅਰਥ ਪੇਸ਼ ਕੀਤੇ ਗਏ ਹਨ"। ਇਸ ਤੋਂ ਇਲਾਵਾ ਉਸ ਨੇ ਕੁਝ ਵਲ-ਵਿੰਗ ਪਾਉਣ ਅਤੇ ਚੁਸਤ ਚਲਾਕੀਆਂ ਕਰਨ ਤੋਂ ਬਾਅਦ ਇਹ ਮੰਨ ਲਿਆ ਹੈ ਕਿ ਉਹ ਜੂਨ 1984 ਦੇ ਫੌਜੀ ਹਮਲੇ ਦਾ ਹਮਾਇਤੀ ਸੀ ਅਤੇ ਉਸ ਦੇ ਉਸਤਾਦਾਂ ਨੂੰ "ਜਬਰ ਅਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ" ਨੂੰ ਖਾਲਿਸਤਾਨੀ ਕਾਰਕੁੰਨਾਂ ਦੀਆਂ ਛਿਪਣ-ਥਾਵਾਂ ਨੂੰ ਨਸ਼ਰ ਕਰਨ ਅਤੇ ਫੜ ਕੇ ਪੁਲਸ ਦੇ ਹਵਾਲੇ ਕਰਨ ਦੀ ਸਲਾਹ ਦਿਤੀ ਸੀ।

ਉਪਰ ਕੌਮਿਆਂ ਵਿਚ ਦਿਤੀ ਗਈ ਜੱਸੀ ਦੀ ਪਹਿਲੀ ਗੱਲ ਦਰੁਸਤ ਹੈ ਅਤੇ ਦੂਸਰੀ ਫਜ਼ੂਲ। ਕਿਉਂ ? ਕਿਉਂਕਿ ਉਸ ਨੇ ਜਿਹੜੇ ਆਪ ਪ੍ਰਸੰਗ ਪੇਸ਼ ਕੀਤੇ ਹਨ ਅਤੇ ਜਿਹੜੇ ਆਪ ਅਰਥ ਦਸੇ ਹਨ ਉਹ ਪਹਿਲਾਂ ਨਾਲੋਂ ਵੀ ਸਪਸ਼ਟ ਰੂਪ ਵਿਚ ਉਹਨਾਂ ਦੇ ਹਾਕਮਾਂ ਦੀ ਰਾਖਵੀਂ ਟੁਕੜੀ ਵਾਲੇ ਰੋਲ ਨੂੰ ਉਭਾਰ ਦੇਂਦੇ ਹਨ। ਆਓ ਦੇਖੀਏ ਕਿਵੇਂ ?

ਕਮਿਊਨਿਸਟ ਇਨਕਲਾਬੀ ਸ਼ਕਤੀਆਂ ਜੱਸੀ ਅਤੇ ਉਸ ਦੇ ਉਸਤਾਦਾਂ ਨੂੰ ਹਾਕਮ ਜਮਾਤਾਂ ਦੀ ਇਕ ਰਾਖਵੀਂ ਟੁਕੜੀ ਕਰਾਰ ਦੇਂਦੀਆਂ ਹਨ। ਕਿਉਂਕਿ

1) ਉਹ ਭਾਰਤੀ ਹਾਕਮਾਂ ਦੇ ਹਿੰਦੂ ਸ਼ਾਵਨਵਾਦੀ ਖਾਸੇ 'ਤੇ ਪੋਚਾ ਪਾਚੀ ਕਰਦੇ ਹਨ ਅਤੇ ਇਸ ਖਾਸੇ 'ਚੋਂ ਪੈਦਾ ਹੋ ਰਹੀਆਂ ਸਿੱਖ ਧਾਰਮਕ ਘੱਟ-ਗਿਣਤੀ ਪ੍ਰਤੀ ਧੱਕੇ ਅਤੇ ਵਿਤਕਰੇ ਭਰੀਆਂ ਨੀਤੀਆਂ ਤੋਂ ਇਨਕਾਰ ਕਰਦੇ ਹਨ। ਭਾਰਤੀ ਹਾਕਮਾਂ ਦੀਆਂ ਧੱਕੇ ਅਤੇ ਵਿਤਕਰੇ ਭਰੀਆਂ ਨੀਤੀਆਂ ਵਿਰੁੱਧ ਉਠਣ ਵਾਲੀਆਂ ਸਿੱਖ ਧਾਰਮਕ ਘੱਟ-ਗਿਣਤੀ ਦੀਆਂ ਟਾਕਰ ਲਹਿਰਾਂ ਨੂੰ ਭਾਰਤੀ ਹਾਕਮਾਂ ਦੀ ਬੋਲੀ ਨਾਲ ਹੀ ਬੱਦੂ ਕਰਦੇ ਹਨ।

2) ਉਹ ਪੰਜਾਬੀ ਕੌਮ ਦੀ ਕੇਂਦਰੀ ਸਟੇਟ ਨਾਲ ਵਿਰੋਧਤਾਈ ਨੂੰ ਛੁਪਾਉਂਦੇ ਹਨ ਅਤੇ ਇਸ ਸਟੇਟ ਦੇ ਪੰਜਾਬੀ ਕੌਮ ਉਪਰ ਕੌਮੀ ਦਾਬੇ ਦੀ ਹੋਂਦ 'ਤੇ ਪਰਦੇ ਪਾਉਂਦੇ ਹਨ। ਕੇਂਦਰੀ ਹਾਕਮਾਂ ਦੀ ਲੁੱਟ-ਖਸੁੱਟ ਅਤੇ ਕੌਮੀ ਦਾਬੇ ਦੇ ਵਿਰੋਧ ਚ ਪੈਦਾ ਹੋ ਰਹੀਆ ਕੌਮੀ ਮੰਗਾ ਨੂੰ "ਖੂਹ ਵਿਚ ਸੁੱਟਣ" ਅਤੇ ਮੰਗਾਂ ਦੀ ਪੂਰਤੀ ਲਈ ਲਗੇ ਮੋਰਚਿਆਂ ਨੂੰ ਖਾਤੇ ਵਿਚ ਸੁੱਟਣ ਦੀ ਗੱਲ ਕਰਦੇ ਹਨ।

ਇਹ ਹੈ ਕਿ ਉਹ ਸਿਆਸੀ ਵਿਚਾਰਧਾਰਕ ਪ੍ਰਸੰਗ ਜਿਸ ਵਿਚੋਂ ਜੱਸੀ ਅਤੇ ਉਸ ਦੇ ਉਸਤਾਦਾਂ ਦੀ ਜੂਨ 1984 ਦੇ ਫੌਜੀ ਹਮਲੇ ਦੀ ਹਮਾਇਤ ਨਿਕਲੀ ਸੀ ਅਤੇ ਇਹ ਹੀ ਉਹ ਪ੍ਰਸੰਗ ਹੈ ਜਿਸ ਵਿਚੋਂ ਇਨਕਲਾਬੀ ਸਫਾਂ ਨੂੰ ਟਾਊਟ ਗਿਰੀ ਕਰਨ ਲਈ ਪ੍ਰੇਰਨ, ਖਾਲਸਤਾਨੀ ਕਾਰਕੂੰਨਾ ਦੇ ਛੁਪਣ ਵਾਲੇ ਟਿਕਾਣਿਆਂ ਨੂੰ ਨਸ਼ਰ ਕਰਨ,

ਉਹਨਾਂ ਨੂੰ ਫੜ ਕੇ ਪੁਲਸ ਹਵਾਲੇ ਕਰਨ, ਸੋਧਵਾਦੀਆਂ ਨੂੰ ਸ਼ਹੀਦਾਂ ਦੇ ਰੁਤਬੇ ਬਖਸ਼ਣ, ਮਹੱਤਵਪੂਰਨ ਸਿਆਸੀ ਵਰਤਾਰਿਆਂ ਬਾਰੇ ਹਾਕਮਾਂ ਦੀ ਬੋਲੀ ਬੋਲਣ, ਸਿਖ ਭਾਈਚਾਰੇ ਜਾਂ ਪੰਜਾਬੀ ਕੌਮ ਦੀਆਂ ਮੰਗਾਂ ਉਠਾਉਣ, ਜਾਂ ਉਸ ਦੀ ਮੁਕਤੀ ਦੇ ਸਵਾਲ ਏਜੰਡੇ 'ਤੇ ਲਿਆਉਣ ਵਾਲੀਆਂ ਤਾਕਤਾਂ ਲਈ ਅੰਨ੍ਹੀ ਨਫਰਤ ਪਾਲਣ ਅਤੇ "ਗੁਰਸ਼ਰਨ ਸਿੰਘ ਕਿਧਰ ਨੂੰ ?" ਵਰਗੇ ਸਵਾਲ ਪਾਉਣ ਦੀ ਲੀਹ ਨਿਕਲਦੀ ਹੈ।

ਜੂਨ 1984 ਦੇ ਫੌਜੀ ਹਮਲੇ ਦਾ ਮਕਸਦ ਪੰਜਾਬੀ ਸਮਾਜ ਅੰਦਰਲੇ ਉਪਰ ਬਿਆਨੇ ਗਏ ਵਿਰੋਧਾਂ ਕਾਰਨ ਪੰਜਾਬੀ ਲੋਕਾਂ, ਖਾਸ ਕਰ ਸਿੱਖਾਂ ਅੰਦਰ ਪਸਰ ਰਹੀ ਬੇਚੈਨੀ ਅਤੇ ਬੇਚੈਨੀ ਕਾਰਨ ਕੇਂਦਰੀ ਹਾਕਮਾਂ ਦੀ ਜਕੜ 'ਚੋਂ ਮੁਕਟ ਹੋਣ ਦੀ ਤਾਂਘ ਨੂੰ ਮੁੱਢ 'ਚ ਹੀ ਦਬਾ ਦੇਣਾ ਅਤੇ ਉਹਨਾਂ ਦੇ ਮਨਾਂ ਅੰਦਰ ਸਦਾ ਸਦਾ ਲਈ ਹਕੂਮਤੀ ਤਾਕਤ ਦਾ ਦਬ ਦਬਾ ਬਿਠਾ ਦੇਣਾ ਸੀ। ਇਸ ਮਕਸਦ ਨੂੰ ਲੁਕਾਉਣ ਲਈ ਹਾਕਮਾਂ ਨੇ ਤਰ੍ਹਾਂ ਤਰ੍ਹਾਂ ਦਾ ਕੂੜ ਪਰਚਾਰਿਆ। ਜੱਸੀ ਨੇ ਹਮਲੇ ਦਾ ਪ੍ਰਸੰਗ ਪੇਸ਼ ਕਰਦਿਆਂ ਇਸੇ ਹੀ ਕੂੜ ਨੂੰ ਸਮਤਾ ਦੇ ਸਫਿਆਂ 'ਤੇ ਖਲਾਰ ਦਿਤਾ ਹੈ ਹੇਠਾਂ ਅਸੀਂ ਕੁਝ ਨਮੂਨੇ ਪੇਸ਼ ਕਰਦੇ ਹਾਂ। ਫੌਜੀ ਹਮਲੇ ਨੂੰ ਵਾਜਬ ਠਹਿਰਾਉਂਦਾ ਸਰਕਾਰੀ ਵਾਈਟ ਪੇਪਰ ਲਿਖਦਾ ਹੈ "ਸਰਕਾਰ ਨੂੰ ਜਿਹੜੀ (ਫੌਜੀ) ਕਾਰਵਾਈ ਕਰਨੀ ਪਈ ਉਹ ਨਾ ਤਾਂ ਸਿੱਖਾਂ ਦੇ ਖਿਲਾਫ ਸੀ ਤੇ ਨਾ ਹੀ ਸਿੱਖਾਂ ਧਰਮ ਦੇ ਖਿਲਾਫ। ਉਹ ਕਾਰ-ਵਾਈ ਤਾਂ ਆਤੰਕ ਤੇ ਵਿਦਰੋਹ ਦੇ ਖਿਲਾਫ ਸੀ" ਜੱਸੀ ਇਹਨਾਂ ਸ਼ਬਦਾਂ ਨੂੰ ਇਹ ਰੂਪ ਦੇਂਦਾ ਹੈ "ਅਪਰੇਸ਼ਨ ਬਲਿਊ ਸਟਾਰ ਮੁੱਖ ਤੌਰ 'ਤੇ ਖਾਲਸਤਾਨੀ ਦਹਿਸ਼ਤ-ਗਰਦਾਂ 'ਤੇ ਹੋਇਆ ਹਮਲਾ ਸੀ। ਇਸਨੂੰ ਲੋਕਾਂ 'ਤੇ ਹਮਲੇ ਵਜੋਂ ਪੇਸ਼ ਕਰਨਾ ਅਤੇ ਇਸ ਦੇ ਖਿਲਾਫ ਲੜਾਈ ਦਾ ਸੱਦਾ ਦੇਣ ਦਾ ਅਰਥ ਖਾਲਸਤਾਨੀ ਮਨਸੂਬਿਆਂ ਲਈ ਸਹਾਈ ਹੋਣਾ ਸੀ।"

ਇੰਦਰਾ ਗਾਂਧੀ ਨੇ ਹਮਲੇ ਤੋਂ ਇਕ ਦਿਨ ਪਹਿਲਾਂ ਹਮਲੇ ਦੀ ਵਾਜਬੀਅਤ ਅਤੇ ਸਰਕਾਰ ਦੀਆਂ ਰਾਖਵੀਆਂ ਟੁਕੜੀਆਂ ਦੇ ਫਰਜ਼ਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਸੀ। "(ਗੱਲ) ਇਹ ਨਹੀਂ ਕਿ ਅਕਾਲੀ ਦਲ ਦੀਆਂ ਵੱਖ ਵੱਖ ਮੰਗਾਂ ਬਾਰੇ ਸਰਕਾਰ ਵਲੋਂ ਪੇਸ਼ ਕੀਤੀਆਂ ਗਈਆਂ ਨਬੇੜੇ ਦੀਆਂ ਸ਼ਰਤਾਂ ਵਾਜਬੀ ਹਨ ਜਾਂ ਨਹੀਂ। ਹਕੀਕਤ ਇਹ ਹੈ ਕਿ ਐਜੀਟੇਸ਼ਨ ਹੁਣ ਉਹਨਾਂ ਲੋਕਾਂ ਦੇ ਹੱਥਾਂ ਵਿਚ ਆ ਗਈ ਹੈ ਜਿਨ੍ਹਾਂ ਨੂੰ ਸਾਡੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਕੋਈ ਖਿਆਲ ਨਹੀਂ। ਪਵਿਤਰ ਧਾਰਮਕ ਅਸਥਾਨ ਮੁਜਰਮਾਂ ਤੇ ਕਾਤਲਾਂ ਲਈ ਪਨਾਹ-ਥਾਵਾਂ ਬਣ ਗਏ ਹਨ। ਪੂਜਾ ਦੇ ਇਕ ਸਥਾਨ ਵਜੋਂ ਉਹਨਾਂ ਦੀ ਪਵਿਤਰਤਾ ਭੰਗ ਹੋ ਰਹੀ ਹੈ...ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ...ਕੱਟੜ ਪੰਥੀਆਂ ਤੇ ਦਹਿਸ਼ਤਪਸੰਦਾਂ ਦੀ ਦਲੇਰੀ ਨਾਲ ਮੁਕਾਬਲਾ ਕਰਨ ਵਿਚ ਸਰਕਾਰ ਦਾ ਸਾਥ ਦੇਣ। ਐਸ ਵੇਲੇ ਇਕ ਹੋਰ ਐਜੀ-ਟੇਸ਼ਨ...ਨਾਲ ਕੌਮ ਵਿਰੋਧੀ ਅਨਸਰਾਂ ਨੂੰ ਹੀ ਵਧੇਰ ਬਲ ਮਿਲੇਗਾ" ਜਿਹਨਾਂ "ਨਾਗਰਿਕਾਂ" ਨੇ ਇੰਦਰਾ ਗਾਂਧੀ ਵਲੋਂ ਦਰਸਾਏ ਗਏ ਫਰਜ਼ਾਂ ਨੂੰ ਪਹਿਚਾਨਣ ਤੋਂ ਇਨ-ਕਰ ਦਿਤਾ ਉਹਨਾਂ 'ਤੇ ਲੋਹਾ-ਲਾਖਾ ਹੋਇਆ ਜੱਸੀ ਲਿਖਦਾ ਹੈ "ਜਦੋਂ (ਖਾਲਸਤਾਨੀ) ਉਲਟ ਇਨਕਲਾਬੀ ਸ਼ਕਤੀ ਨੇ ਖੁਦ ਦਰਬਾਰ ਸਾਹਿਬ 'ਤੇ ਨਹੱਕਾ ਕਬਜ਼ਾ ਕਰਕੇ ਇਸਨੂੰ ਲੋਕਾਂ ਖਿਲਾਫ ਘਿਨਾਉਣੇ ਅਪਰਾਧਾਂ ਨੂੰ ਵਿਉਂਤਣ ਅਤੇ ਅਮਲ 'ਚ ਲਿਆਉਣ ਲਈ ਆਪਣੇ ਹੈਡ ਕੁਆਟਰ 'ਚ ਬਦਲਿਆ ਹੋਇਆ ਸੀ ਤਾਂ ਮੁੱਖ ਤੌਰ 'ਤੇ ਇਨ੍ਹਾਂ ਉਪਰ ਹੋਏ ਹੱਲੇ ਨੂੰ ਲੋਕਾਂ 'ਤੇ ਹੋਇਆ ਹਮਲਾ ਕਹਿ ਕੇ ਇਸ ਦੇ ਵਿਰੋਧ ਦਾ ਸੱਦਾ ਦੇਣਾ ਬਾਹਰਮੁਖੀ ਤੌਰ 'ਤੇ ਇਸ ਉਲਟ ਇਨਕਲਾਬੀ ਸ਼ਕਤੀ ਦੀ ਰਾਖੀ ਦਾ ਰੋਲ ਨਿਭਾਉਣਾ ਸੀ"। ਪਾਠਕ ਆਪ ਹੀ ਦੇਖ ਲੈਣ ਕਿ ਜੱਸੀ ਅਤੇ ਸਰਕਾਰੀ ਪ੍ਰਸੰਗ ਵਿਚ ਕਿੰਨੀ ਸਮਾਨਤਾ ਹੈ।

ਜੱਸੀ ਦਾ ਅਗਲਾ ਨੁਕਤਾ ਹੈ "ਖਾਲਸਤਾਨੀ ਦਸ਼ਿਸਤਗਰਦਾਂ ਨੂੰ ਫੌਜੀ ਕਾਰਵਾਈ ਨਾਲ ਸੱਟ ਪੈ ਜਾਣ ਦੇ ਤੁਰੰਤ ਮਗਰੋਂ ਜਨਤਕ ਲੀਹ ਨੇ ਹਕੂਮਤੀ ਦਹਿਸ਼ਤ-ਗਰਦੀ ਖਿਲਾਫ ਘੋਲ ਦਾ ਕਾਰਜ ਮੁੱਖ ਕਾਰਜ ਵਜੋਂ ਉਭਾਰਿਆ"। ਇਸ ਦੇ ਅਧਾਰ 'ਤੇ ਉਹ ਕਹਿੰਦਾ ਹੈ ਕਿ ਉਸ ਨੂੰ ਅਤੇ ਉਸ ਦੇ ਉਸਤਾਦਾਂ ਨੂੰ ਹਕੂਮਤ ਦੀ ਰਾਖਵੀਂ ਟੁਕੜੀ ਨਹੀਂ ਕਿਹਾ ਜਾਣਾ ਚਾਹੀਦਾ ਕਿਉਂਕਿ ਉਹ ਕਈ ਵਾਰੀ ਹਕੂਮਤੀ ਦਹਿਸ਼ਤ ਗਰਦੀ ਵਿਰੁੱਧ ਵੀ ਘੋਲ ਦੇ ਕਾਰਜ ਨੂੰ ਮੁੱਖ ਕਾਰਜ ਵਜੋਂ ਉਭਾਰਦੇ ਹਨ। ਜੱਸੀ ਸਾਹਿਬ, ਰਾਖਵੀਆਂ ਟੁਕੜੀਆਂ ਰਾਖਵੇਂ ਕੰਮਾਂ ਲਈ ਹੀ ਹੁੰਦੀਆਂ ਹਨ। ਜੇ ਉਹ ਕਦੀ ਵੀ ਹਕੂਮਤੀ ਦਹਿਸ਼ਤਗਰਦੀ ਦਾ "ਵਿਰੋਧ" ਨਾ ਕਰਨ ਤਾਂ ਉਹ ਇਨਕਲਾਬੀ ਲੋਕਾਂ ਨੂੰ ਗੁੰਮਰਾਹ ਕਰ ਸਕਣ ਅਤੇ ਇਸ ਤਰ੍ਹਾਂ ਅਹਿਮ (critical) ਮੌਕਿਆਂ 'ਤੇ ਹਾਕਮਾਂ ਦੀ ਸੇਵਾ ਕਰ ਸਕਣ ਦੀ ਸਮਰੱਥਾ ਗੁਆ ਦੇਂਦੀਆਂ ਹਨ। ਇਸੇ ਕਰਕੇ ਹੀ ਇਹਨਾਂ ਟੁਕੜੀਆਂ ਨੂੰ ਲੈਨਿਨੀ ਭਾਸ਼ਾ ਵਿਚ **"His Majesty's opposition"** ਕਿਹਾ ਜਾਂਦਾ ਹੈ।

ਜੱਸੀ ਦੀ "ਵਿਰੋਧ" ਵਾਲੀ ਗੱਲ 'ਚੋਂ ਇਕ ਸਵਾਲ ਹੋਰ ਵੀ ਪੈਦਾ ਹੁੰਦਾ ਹੈ। ਇਹ ਵਿਰੋਧ ਕਿਸ ਜਮਾਤ ਦੇ ਪੈਂਤੜੇ ਤੋਂ ਹੈ ? ਪੰਜਾਬੀ ਕੌਮ ਦੀ ਮੁਕਤੀ ਦੇ ਹੱਕ ਅਤੇ ਸਿੱਖ ਧਾਰਮਿਕ ਘੱਟ-ਗਿਣਤੀ ਦੇ ਖਿਲਾਫ

ਕੇਂਦਰੀ ਹਾਕਮਾਂ ਦੀਆਂ ਫਿਰਕੂ ਨੀਤੀਆਂ ਦੇ ਵਿਰੋਧ ਵਿਚ ਪੈਂਤੜਾ ਲੈਣ ਤੋਂ ਬਿਨਾਂ ਕੀਤਾ ਗਿਆ ਵਿਰੋਧ ਮਜ਼ਦੂਰ ਜਮਾਤ ਦੇ ਪੈਂਤੜਾ ਦਾ ਵਿਰੋਧ ਨਹੀਂ ਬਣ ਸਕਦਾ। ਅਤੇ ਕਿਸੇ ਅਜਿਹੀ ਧਿਰ ਵਲੋਂ ਬੁਰਜੂਆ ਪੈਂਤੜੇ ਤੋਂ ਕੀਤੇ ਗਏ ਵਿਰੋਧ ਦੀ ਉਹ ਕੋਈ ਬਹੁਤੀ ਤਕਲੀਫ ਨਹੀਂ ਮੰਨਦੇ ਕਿ ਜਿਸ ਨੇ ਨਾਜ਼ੁਕ ਮੌਕੇ 'ਤੇ ਉਹਨਾਂ ਦੀ ਸੇਵਾ ਵਿਚ ਆ ਨਿਤਰਨਾ ਹੁੰਦਾ ਹੈ।

ਪੂਲਾ-ਰੈਡੀ ਗਰੁੱਪ ਦੀ ਮਿਸਾਲ ਲੈ ਕੇ ਗੱਲ ਹੋਰ ਸਪਸ਼ਟ ਕੀਤੀ ਜਾ ਸਕਦੀ ਹੈ ਇਹ ਗਰੁੱਪ ਹਾਕਮਾਂ ਨੂੰ ਹਥਿਆਰਬੰਦ ਤਾਕਤ ਨਾਲ ਉਲਟਾਉਣ ਦਾ ਪਰਚਾਰ ਕਰਦਾ ਹੈ ਹਕੂਮਤੀ ਦਹਿਸ਼ਤ ਗਰਦੀ ਦਾ ਵੀ "ਵਿਰੋਧ" ਕਰਦਾ ਹੈ। ਪਰ ਇਸ ਦੇ ਬਾਵਜੂਦ ਵੀ ਹਾਕਮ ਇਸ ਨੂੰ ਖੁਲ੍ਹੇ ਰੂਪ ਵਿਚ ਹਥਿਆਰਾਂ ਦੇ ਲਾਈਸੈਂਸ ਦੇ ਰਹੇ ਹਨ। ਕੀ ਜੱਸੀ ਦੱਸ ਸਕਦਾ ਹੈ ਕਿਉਂ ? ਕਿਉਂ ਕਿ ਇਹ ਹਾਕਮਾਂ ਦੀ ਰਾਖਵੀਂ ਟੁਕੜੀ ਹੈ ਅਤੇ ਇਹ ਗੱਲ ਜੱਸੀ ਵੀ ਚੰਗੀ ਤਰ੍ਹਾਂ ਜਾਣਦਾ ਹੈ। ਹਾਕਮ ਇਸ ਗਰੁੱਪ ਕੋਲੋਂ "ਖਾਸ ਤਰ੍ਹਾਂ ਦਾ ਕੰਮ" ਲੈਣਾ ਚਾਹੁੰਦੇ ਹਨ।

ਜੱਸੀ ਦੀ ਪੁਜ਼ੀਸ਼ਨ ਇਹ ਹੈ ਕਿ ਉਹ ਅਤੇ ਉਸਦੇ ਉਸਤਾਦ ਵੀ ਝੂਠੇ ਪੁਲਸ ਮੁਕਾਬਲਿਆਂ ਦੇ ਵਿਰੁੱਧ ਹਨ। ਪਰ ਅਸਲੀ ਗੱਲ ਕੀ ਹੈ ? ਹਰ ਕੋਈ ਜਾਣਦਾ ਹੈ ਕਿ ਹਾਕਮ ਖਾਲਸਤਾਨੀਆਂ ਨੂੰ ਵੱਡੀ ਪੱਧਰ 'ਤੇ ਝੂਠੇ ਪੁਲਸ ਮੁਕਾਬਲਿਆਂ ਵਿਚ ਮਾਰ ਰਹੇ ਹਨ। ਉਹਨਾਂ ਨੂੰ ਸਿਰਫ ਇਹ ਸਮੱਸਿਆ ਆ ਰਹੀ ਹੈ ਕਿ ਗੁਪਤ ਹੋਣ ਕਰਕੇ ਖਾਲਸਤਾਨੀ ਉਹਨਾਂ ਕੋਲੋਂ ਫੜੇ ਨਹੀਂ ਜਾ ਰਹੇ। ਇਸੇ ਕਰਕੇ ਉਹ ਲੋਕਾਂ ਨੂੰ ਪੈਸੇ ਅਤੇ ਨੌਕਰੀਆਂ ਦਾ ਲਾਲਚ ਦੇ ਕੇ ਟਾਊਟ ਬਨਣ ਲਈ ਪਰੇਰ ਰਹੇ ਹਨ। ਪਰ ਇਸ ਕੰਮ ਵਿਚ ਵੀ ਉਹਨਾਂ ਨੂੰ ਪੂਰੀ ਕਾਮਯਾਬੀ ਨਹੀਂ ਮਿਲ ਰਹੀ। ਇਸ ਸਥਿਤੀ ਵਿਚ ਜੱਸੀ ਦੇ ਉਸਤਾਦ ਕੀ ਕਾਰਜ ਕੱਢ ਰਹੇ ਹਨ ? ਉਹ ਲੋਕਾਂ ਨੂੰ ਸਲਾਹਾਂ ਦੇ ਰਹੇ ਹਨ ਕਿ ਖਾਲਸਤਾਨੀ ਦੇ ਗੁਪਤ ਟਿਕਾਣਿਆਂ ਨੂੰ ਨਸ਼ਰ ਕਰੋ ਉਹਨਾਂ ਨੂੰ ਫੜ ਫੜ ਕੇ ਪੁਲਸ ਦੇ ਹਵਾਲੇ ਕਰੋ। ਇਸ ਤੋਂ ਵੱਧ ਨੰਗੀ ਚਿਟੀ ਪੁਲਸ ਭਗਤੀ ਹੋਰ ਕੀ ਹੋ ਸਕਦੀ ਹੈ ? ਇਹ ਜਾਣਦਿਆਂ ਹੋਇਆਂ ਕਿ ਪੁਲਸੀ ਜਲਾਦਾਂ ਦੇ ਹੱਥ ਆਉਣ ਵਾਲਾ ਖਾਲਸਤਾਨੀ ਝੂਠੇ ਪੁਲਸ ਮੁਕਾਬਲੇ ਵਿਚ ਕਤਲ ਕਰ ਦਿਤਾ ਜਾਵੇਗਾ, ਜੇ ਕੋਈ ਲੋਕਾਂ ਨੂੰ ਇਹ ਕਹਿੰਦਾ ਹੈ ਕਿ ਖਾਲਸਤਾਨੀਆਂ ਨੂੰ ਜਲਾਦਾਂ ਹੱਥ ਫੜਾਓ ਅਤੇ ਨਾਲ ਹੀ ਇਹ ਕਹਿੰਦਾ ਹੈ ਕਿ ਉਹ ਝੂਠੇ ਪੁਲਸ ਮੁਕਾਬਲਿਆਂ ਦੇ ਵੀ ਵਿਰੁੱਧ ਹੈ ਤਾਂ ਉਹ ਕਿੱਡਾ ਵੱਡਾ ਝੂਠ ਬੋਲ ਰਿਹਾ ਹੈ ਇਸ ਦਾ ਅੰਦਾਜ਼ਾ ਪਾਠਕ ਆਪ ਹੀ ਲਾ ਸਕਦੇ ਹਨ।

ਅਖੀਰ ਵਿਚ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ "ਸੀ" ਅਤੇ "ਹੈ" ਦਾ ਜਿਹੜਾ ਸ਼ੋਰ-ਸ਼ਰਾਬਾ ਜੱਸੀ ਨੇ ਪਾਇਆ ਹੈ ਉਹ ਸਿਰਫ ਤਕਨੀਕੀ ਕਿਸਮ ਦਾ ਹੈ। ਜੱਸੀ ਅਤੇ ਉਸ ਦੇ ਉਸਤਾਦਾਂ ਦੀ ਸਿਆਸਤ ਵਿਚ "ਸੀ" ਅਤੇ "ਹੈ" ਦਾ ਕੋਈ ਫਰਕ ਨਹੀਂ ਹੈ। ਜਿਵੇਂ ਉਪਰ ਦਿਖਾਇਆ ਗਿਆ ਹੈ ਉਹ ਪੂਰੀ ਦ੍ਰਿੜ੍ਹਤਾ, ਲਗਾਤਾਰਤਾ ਅਤੇ ਰਚਨਾਤਮਕਤਾ ਨਾਲ ਸਰਕਾਰ ਦੀ ਰਾਖਵੀਂ ਟੁਕੜੀ ਵਾਲੀ ਸਿਆਸਤ ਨੂੰ ਲਾਗੂ ਕਰਦੇ ਆ ਰਹੇ ਹਨ।

o

## ਕੁਝ ਨੁਕਤੇ ਪਾਠਕਾਂ ਦੀ ਨਜ਼ਰ 'ਚ

"ਸਮਤਾ" ਦੇ ਅਗਸਤ ਅੰਕ 'ਚ ਸੰਖੇਪ ਕਰਕੇ ਛਾਪੀ ਗਈ ਅਪ੍ਰੇਸ਼ਨ ਬਲਿਊ ਸਟਾਰ ਸਬੰਧੀ ਮੇਰੀ ਲਿਖਤ ਦੇ ਕੁਝ ਅਹਿਮ ਹਿਸੇ ਛਪਣੋਂ ਰਹਿ ਗਏ ਹਨ। ਮੂਲ-ਲਿਖਤ ਦੀ ਇਕੋ ਇਕ ਕਾਪੀ ਸਾਥੀ ਗੁਰਸ਼ਰਨ ਸਿੰਘ ਹੋਰਾਂ ਕੋਲ ਹੋਣ ਕਰਕੇ ਸਬੰਧਤ ਸਤਰਾਂ ਹੂ-ਬ-ਹੂ ਦੁਹਰਾਈਆਂ ਨਹੀਂ ਜਾ ਸਕਦੀਆਂ। ਇਸ ਵਜਾ ਕਰਕੇ ਅਤੇ ਪਰਚੇ 'ਚ ਥਾਂ ਦੀ ਘਾਟ ਦਾ ਖਿਆਲ ਰਖਦਿਆਂ ਰਹਿ ਗਏ ਨੁਕਤਿਆਂ 'ਚੋਂ ਕੁਝ ਦਾ ਬਗੈਰ ਵਿਆਖਿਆ ਦੇ ਜ਼ਿਕਰ ਹੀ ਕੀਤਾ ਜਾ ਰਿਹਾ ਹੈ।

1. ਜੂਨ 84 ਦੀ ਹਕੂਮਤੀ ਕਾਰਵਾਈ ਦੇ ਪਹਿਲੇ ਗੇੜ ਨੂੰ ਮੁੱਖ ਤੌਰ 'ਤੇ ਖਾਲਸਤਾਨੀ ਦਹਿਸ਼ਤਗਰਦਾਂ ਖ਼ਿਲਾਫ ਹੱਲੇ ਵਜੋਂ ਲੈਂਦਿਆਂ, "ਇਨਕਲਾਬੀ ਜਨਤਕ ਲੀਹ' ਨੇ ਇਸ ਦੇ ਦੂਸਰੇ ਪੱਖ ਬਾਕੀ **ਅੰਸ਼ਕ ਤੌਰ 'ਤੇ** ਇਸ ਦੀ ਧਾਰ ਲੋਕਾਂ ਖਿਲਾਫ ਵੀ ਸੇਧੀ ਹੋਣ ਦੇ ਪੱਖ ਨੂੰ ਨਜ਼ਰ ਅੰਦਾਜ਼ ਨਹੀਂ ਸੀ ਕੀਤਾ ਸਗੋਂ ਇਸ ਅੰਸ਼ਕ ਤੌਰ 'ਤੇ ਲੋਕਾਂ ਖਿਲਾਫ ਸੇਧੀ ਧਾਰ ਦਾ ਵਿਰੋਧ ਕਰਨ ਦਾ ਪੈਂਤੜਾ ਲਿਆ ਸੀ। ਭਾਵੇਂ ਇਸ ਵਿਰੋਧ ਨੂੰ ਅੰਸ਼ਕ ਤੌਰ 'ਤੇ ਲੋਕਾਂ ਖ਼ਿਲਾਫ ਸੇਧੀ ਧਾਰ ਦੇ ਹੀ ਵਿਰੋਧ ਤਕ ਸੀਮਤ ਰੱਖਦਿਆਂ ਵੇਲੇ ਦਾ ਮੁੱਖ ਕਾਰਜ ਖਾਲਸਤਾਨੀ ਦਹਿਸ਼ਤਗਰਦਾਂ ਅਤੇ ਹੋਰਨਾ ਫਿਰਕੂ ਸ਼ਕਤੀਆਂ ਵਲੋਂ ਫਿਰਕੂ ਫਸਾਦ ਭੜਕਾਉਣ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰਨ ਲਈ ਯਤਨ ਜੁਟਾਉਣਾ ਸੀ।

2. ਲਿਖਤ ਅੰਦਰ ਇਹ ਧਾਰਨਾ ਉਭਾਰੀ ਗਈ ਸੀ ਕਿ ਕਿਸੇ ਇਨਕਲਾਬੀ **ਜਨਤਕ ਜਥੇਬੰਦੀ** ਵਲੋਂ, ਲੋਕ ਦੁਸ਼ਮਣ ਹਕੂਮਤ ਕੋਲੋਂ ਹੀ ਕਿਸੇ ਲੋਕ ਦੁਸ਼ਮਣ ਅਨਸਰ ਦੀ ਗ੍ਰਿਫਤਾਰੀ ਦੀ ਮੰਗ ਕਰਨਾ ਅਤੇ ਅਜਿਹਾ ਕਰਨ ਲਈ ਦਬਾਅ ਪਾਉਣਾ ਅਸੂਲੀ ਤੌਰ 'ਤੇ ਵਰਜਤ ਨਹੀਂ ਹੈ-ਸਗੋਂ ਇਹ ਲੋਕ-ਦੁਸ਼ਮਣ ਹਕੂਮਤ ਦੇ ਪਰਦਾ-ਚਾਕ ਅਤੇ ਇਸ ਖਿਲਾਫ ਸੰਘਰਸ਼ ਦਾ ਅੰਗ ਹੀ ਹੈ।

ਮਹਿਜ਼ ਇਸ ਮੰਗ ਦੇ ਅਧਾਰ 'ਤੇ ਕਿਸੇ 'ਤੇ ਸਰਕਾਰ ਪੱਖੀ ਹੋਣ ਦਾ ਲੇਬਲ ਨਹੀਂ ਲਾਇਆ ਜਾ ਸਕਦਾ। ਅਮਲੀ ਪੱਧਰ 'ਤੇ ਪੰਜਾਬ ਦੀਆਂ ਇਨਕਲਾਬੀ ਜਨਤਕ ਜਥੇਬੰਦੀਆਂ ਅਕਸਰ ਹੀ ਗੁੰਡਾ ਟੋਲਿਆਂ, ਅਪਰਾਧੀ ਪੁਲਸ ਅਫਸਰਾਂ, ਬਲੈਕੀਆਂ ਜਾਂ ਹੋਰ ਲੋਕ ਦੁਸ਼ਮਣ ਅਨਸਰਾਂ ਦੀ ਨਾ ਸਿਰਫ਼ ਗ੍ਰਿਫ਼ਤਾਰੀ ਦੀ ਮੰਗ ਕਰਦੀਆਂ ਰਹੀਆਂ ਹਨ–ਸਗੋਂ ਜਨਤਕ ਤਾਕਤ ਆਸਰੇ ਇਨ੍ਹਾਂ ਨੂੰ ਘੇਰ ਕੇ ਕਾਬੂ ਕਰਦੀਆਂ ਅਤੇ ਹਕੂਮਤ ਜਾਂ ਇਸ ਦੀ ਮਸ਼ੀਨਰੀ 'ਤੇ ਦਬਾਅ ਪਾ ਕੇ ਮੌਕੇ 'ਤੇ ਹੀ ਗ੍ਰਿਫਤਾਰ ਕਰਵਾਉਂਦੀਆਂ ਰਹੀਆਂ ਹਨ। ਅੱਜ ਵੀ ਇਨਕਲਾਬੀ ਜਨਤਕ ਜਥੇਬੰਦੀਆਂ ਵਲੋਂ ਨਿਰਦੋਸ਼ਾਂ ਦੇ ਕਾਤਲ ਖਾਲਸਤਾਨੀ ਦਹਿਸ਼ਤਗਰਦਾਂ, ਝੂਠੇ ਪੁਲਸ ਮੁਕਾਬਲਿਆਂ ਦੇ ਦੋਸ਼ੀ ਪੁਲਸ ਅਫਸਰਾਂ ਜਾਂ ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਲੋਕ ਦੁਸ਼ਮਣ ਹਕੂਮਤ ਕੋਲੋਂ ਹੀ ਕੀਤੀ ਜਾ ਰਹੀ ਹੈ।

o

ਜਸਪਾਲ ਜੱਸੀ

## ਬਹਿਸ ਦਾ ਅੰਤ

ਸਮਤਾ ਦੇ ਪਿਛਲੇ ਕੁਝ ਅੰਕਾਂ ਵਿਚ ਪੰਜਾਬ ਮਸਲੇ ਸਾਰੇ ਇਕ ਬਹਿਸ ਚਲਦੀ ਆ ਰਹੀ ਹੈ। ਬਹੁਤ ਸਾਰੇ ਨੁਕਤੇ ਸਾਹਮਣੇ ਆਏ ਹਨ। ਸਿਆਣੇ ਪਾਠਕਾਂ ਨੇ ਇਸ ਬਹਿਸ ਵਿਚ ਜੋ ਕਢਣਾ ਸੀ, ਇਹ ਕੱਢ ਲਿਆ ਹੈ। ਬਹੁਤ ਸਾਰੀਆਂ ਚਿੱਠੀਆਂ ਸੰਪਾਦਕ ਵਲ ਆਈਆਂ ਹਨ ਕਿ ਜਦ ਵੱਖ ਵੱਖ ਧਿਰਾਂ ਨੇ ਜੋ ਕੁਝ ਕਹਿਣਾ ਸੀ; ਉਹ ਕਹਿ ਲਿਆ ਹੈ, ਹੁਣ ਇਸ ਬਹਿਸ ਨੂੰ ਅਗੇ ਤੋਰਨਾ ਪਾਣੀ ਵਿਚ ਮਧਾਣੀ ਪਾਉਣ ਵਾਲੀ ਗਲ ਹੈ। ਅਸੀਂ ਇਸ ਮਹੀਨੇ ਜੋ ਚਿੱਠੀਆਂ ਆਈਆਂ ਹਨ, ਉਹਨਾਂ ਨੂੰ ਆਖਰੀ ਕਿਸ਼ਤ ਦੇ ਤੌਰ ਤੇ ਇਥੇ ਦੇ ਦਿਤਾ ਹੈ। ਤੇ ਉਮੀਦ ਕਰਾਂਗੇ ਕਿ ਹਰ ਇਕ ਧਿਰ ਦਾ ਆਪਣਾ ਜੋ ਪਰਚਾ ਹੈ, ਉਸ ਵਿਚ ਉਹ ਧਿਰ ਆਪਣੇ ਕਾਰਜਾਂ ਬਾਰੇ ਆਪ ਲਿਖਦੀ ਰਹੇਗੀ ਤੇ ਸਿਆਣੇ ਪਾਠਕ ਆਪਣੀ ਰਾਏ ਬਣਾਂਦੇ ਰਹਿਣਗੇ। ਹੁਣ ਤਕ ਕੋਈ ਬਹਿਸ ਦਾ ਇਕ ਸੰਖੇਪ ਜਾਇਜ਼ਾ ਆਪਣੇ ਵਲੋਂ ਲਿਖਣਾ ਮੈਂ ਆਪਣਾ ਸੰਪਾਦਕੀ ਫਰਜ਼ ਸਮਝਦਾ ਹਾਂ।/**ਗੁਰਸ਼ਰਨ ਸਿੰਘ**

**ਇਕ ਜਾਇਜ਼ਾ** : ਪੰਜਾਬ ਮਸਲੇ ਬਾਰੇ ਕਮਿਊਨਿਸਟ ਇਨਕਲਾਬੀਆਂ ਨੇ ਹੇਠ ਲਿਖੀਆਂ ਤਿੰਨ ਵਿਸ਼ੇਸ਼ ਪੁਜ਼ੀਸ਼ਨਾਂ ਲਈਆਂ ਹਨ।

o **ਪੈਗਾਮ ਦੇ ਸਾਥੀਆਂ** ਨੇ ਖਾਲਿਸਤਾਨ ਲਹਿਰ ਨੂੰ ਪੰਜਾਬੀ ਕੌਮ ਦੀ ਮੁਕਤੀ ਦੀ ਲਹਿਰ ਨਾਲ ਪੂਰੀ ਤਰ੍ਹਾਂ ਜੋੜ ਲਿਆ ਹੈ। ਉਹ ਖਾਲਿਸਤਾਨੀਆਂ ਦੇ ਕਈ ਕਾਰਜਾਂ ਦੇ ਆਲੋਚਕ ਵੀ ਹਨ ਪਰ ਉਹਨਾਂ ਧਿਰ ਦੇ ਤੌਰ ਤੇ ਆਪਣੇ ਆਪ ਨੂੰ ਖਾਲਿਸਤਾਨੀ ਲਹਿਰ ਨਾਲ ਬਿਲਕੁਲ ਪੂਰੀ ਤਰ੍ਹਾਂ ਜੋੜ ਲਿਆ ਹੈ। ਕਾਮਰੇਡ ਅਜਮੇਰ ਸਿੰਘ ਨੇ ਜਿਹੜਾ ਹੁਣੇ ਹੁਣੇ ਪੈਂਫਲਿਟ ਲਿਖਿਆ ਹੈ ਉਹ ਖਾਲਿਸਤਾਨੀਆਂ ਨੂੰ ਸੰਬੋਧਨ ਇਕ ਦੋਸਤ ਸਲਾਹਕਾਰ ਦੇ ਤੌਰ ਤੇ ਲਿਖਿਆ ਹੈ ਤੇ ਉਸ ਵਿਚ ਇਹ ਸਪਸ਼ਟ ਸਟੈਂਡ ਲਿਆ ਹੈ ਕਿ ਕਮਿਊਨਿਸਟ ਇਨਕਲਾਬੀਆਂ ਨੂੰ ਆਪਣੇ ਆਪ ਨੂੰ ਇਸ ਲਹਿਰ ਨਾਲ ਜੋੜਨਾ ਚਾਹੀਦਾ ਹੈ ਸਗੋਂ ਇਸ ਸੰਘਰਸ਼ ਦੀ ਅਗਵਾਈ ਆਪਣੇ ਹੱਥਾਂ ਵਿਚ ਲੈਣੀ ਚਾਹੀਦੀ ਹੈ। ਉਹਦੀ ਲਿਖਤ ਤੋਂ ਇਹ ਸਾਫ ਹੈ ਕਿ ਭਾਰਤ ਵਿਚ ਇਨਕਲਾਬ ਦੀ ਮੁੱਖ ਲੜਾਈ ਕੌਮੀਅਤਾਂ ਦੀ ਮੁਕਤੀ ਦੀ ਲੜਾਈ ਹੈ। ਜਿਹੜੀ ਇਨਕਲਾਬ ਦੇ ਨਾਲ Exploited classes ਦੀ ਸਿਆਸਤ ਜੁੜਦੀ ਹੈ, ਉਹ ਭਾਰਤ ਵਿਚ ਪਹਿਲੇ ਦਰਜ਼ੇ ਦੀ ਅਹਿਮੀਅਤ ਨਹੀਂ ਰੱਖਦੀ ਹੈ। ਆਪਣੇ ਥੀਸਸ ਵਿਚ ਉਹ ਭਾਰਤ ਨੂੰ ਇਕ ਹਿੰਦੂ ਸ਼ਾਵਨਵਾਦੀ ਫਾਸ਼ੀ ਸਟੇਟ ਦਾ ਦਰਜਾ ਦੇਂਦੇ ਹਨ। ਇਸ ਫਾਸ਼ੀ ਸਟੇਟ ਵਿਰੁੱਧ ਲੜਣ ਦਾ ਪੈਂਤੜਾ ਘੱਟ ਗਿਣਤੀ ਦੀਆਂ ਕੌਮਾਂ ਦਾ ਥੜ੍ਹਾ ਹੋਵੇਗਾ। ਇਥੇ ਇਕ ਸਵਾਲ ਉਠਦਾ ਹੈ ਕਿ ਕੀ ਭਾਰਤ ਵਿਚ ਹਿੰਦੂ ਜਮਹੂਰੀ ਹਲਕੇ ਬਿਲਕੁਲ ਗਾਇਬ ਹੋ ਚੁੱਕੇ ਹਨ? (ਹੋਰ ਵੀ ਕਈ ਸਵਾਲ ਉਠ ਸਕਦੇ ਹਨ) ਕਿਸੇ ਕਮਿਊਨਿਸਟ ਲਈ ਭਾਵੇਂ ਉਹ ਕਿੰਨਾ ਹੀ ਭਾਰਤੀ ਸਟੇਟ ਵਿਰੋਧੀ ਹੋਵੇ ਇਹ ਥੀਸਸ ਪਚਾਉਣਾ ਮੁਸ਼ਕਿਲ ਹੈ।

o **ਪੰਜਾਬ ਮਸਲੇ ਬਾਰੇ** ਇਕ ਧਿਰ ਜੋਤਕ ਲੀਹ ਜਾਂ ਸਾਥੀ ਜਸਪਾਲ ਜੱਸੀ ਹੋਰਾਂ ਦੀ ਹੈ। ਉਹ ਖਾਲਿਸਤਾਨੀ ਲਹਿਰ ਨੂੰ ਇਕ ਫਾਸ਼ੀ ਕਾਤਲਾਂ ਦੀ ਲਹਿਰ ਹੀ ਸਮਝਦੇ ਹਨ। ਜਿਸ ਦਾ ਪੰਜਾਬ ਦੇ ਲੋਕਾਂ ਨਾਲ ਕੋਈ ਸੰਬੰਧ ਨਹੀਂ। ਇਹ ਸਿਰਫ ਹਾਕਮਾਂ ਦਾ ਕੁਰਸੀ ਭੇੜ ਹੈ। ਇਸ ਲਹਿਰ ਉਤੇ ਉਹ ਹਕੂਮਤੀ ਜ਼ਬਰ ਨੂੰ ਪੂਰੀ ਤਰ੍ਹਾਂ ਜਾਇਜ਼ ਕਰਾਰ ਦੇਂਦੇ ਹਨ। ਉਹਨਾਂ ਦਾ ਦਾਅਵਾ ਹੈ ਹੈ ਕਿ ਉਹ ਖਾਲਿਸਤਾਨ ਦੇ ਪੱਜ ਹਕੂਮਤ ਦੇ ਲੋਕਾਂ ਉਤੇ ਕਿਸੇ ਕਿਸਮ ਦੇ ਜਬਰ ਦੇ ਹਮੈਤੀ ਤਾਂ ਨਹੀਂ ਪਰ ਉਹ ਖਾਲਿਸਤਾਨ ਦੇ ਵਿਰੁਧੀ ਹਕੂਮਤੀ ਜਬਰ ਨੂੰ ( Operation Blue Star ) ਆਦਿਕ ਨੂੰ ਲੋਕਾਂ ਦੇ ਵਿਰੋਧ ਜਬਰ ਕਰਾਰ ਨਹੀਂ ਦੇਂਦੇ। ਉਹ ਸਗੋਂ ਮੰਗ ਕਰਦੇ ਨੇ ਕਿ ਹਕੂਮਤ ਲੋਕਾਂ ਦੇ ਜਾਨੋਮਾਲ ਦੀ ਹਿਫਾਜ਼ਤ ਕਰੇ। ਲੋਕਾਂ ਨੂੰ ਉਹ ਇਸ ਫਾਸ਼ੀ ਤਾਕਤ ਦੇ ਖਿਲਾਫ਼ ਲਾਮਬੰਦ ਹੋਣ ਦਾ ਸੱਦਾ ਦੇਂਦੇ ਹਨ। ਉਹ ਖਾਸ

Regd. with the Register News Papers Vide No. MA/12397-D Dated 18.4.80
Post Office No. P/AR—133

ਹਾਲਤਾਂ ਵਿਚ ਇਸ ਗੱਲ ਵਿਚ ਕੋਈ ਹਰਜ ਨਹੀਂ ਸਮਝਦੇ ਕਿ ਖਾਲਿਸਤਾਨੀਆਂ ਦੇ ਖੁਫੀਆਂ ਟਿਕਾਣਿਆਂ ਨੂੰ ਨਸ਼ਰ ਕੀਤਾ ਜਾਏ ਤਾਂ ਜੋ ਉਹਨਾਂ ਨੂੰ ਲੋਕਾਂ ਦਾ ਨੁਕਸਾਨ ਕਰਨੋਂ ਰੋਕਿਆ ਜਾ ਸਕੇ। ਇਸ ਕਾਰਜ ਨੂੰ ਉਹ ਟਾਊਟਗਿਰੀ ਨਹੀਂ ਸਮਝਦੇ। ਪੰਜਾਬ ਦੇ ਮਸਲੇ ਦੇ ਹੱਲ ਬਾਰੇ ਉਹ ਬਿਲਕੁਲ ਚੁੱਪ ਹਨ। ਇਹ ਵੀ ਸਪਸ਼ਟ ਹੈ ਕਿ ਉਹ ਪੰਜਾਬ ਮਸਲੇ ਨਾਲ ਜੁੜੀਆਂ ਕਿਸੇ ਕਿਸਮ ਦੀਆਂ ਮੰਗਾਂ ਬਾਰੇ ਆਪਣਾ ਕੋਈ ਸਟੈਂਡ ਨਹੀਂ ਲੈਂਦੇ। ਆਲ ਇੰਡੀਆ ਪੱਧਰ ਤੇ ਇਸ ਗਰੁੱਪ ਨੇ ਪੰਜ ਹੋਰ ਗਰੁੱਪਾਂ ਨਾਲ ਰਲ ਕੇ ਕਮਿਊਨਿਸਟ ਇਨਕਲਾਬੀ ਕੇਂਦਰ ਦੀ ਸਥਾਪਨਾ ਕੀਤੀ ਹੈ, ਜਿਸ ਵਿਚ ਕਾਮਰੇਡ ਜਤਿੰਦਰ ਦੀ ਅਗਵਾਈ ਹੇਠਲਾ ਆਰ. ਸੀ. ਪੀ. ਆਈ (ਟਾਕਰਾ ਗਰੁੱਪ) ਵੀ ਸ਼ਾਮਲ ਹੈ। ਕਮਿਊਨਿਸਟ ਇਨਕਲਾਬੀ ਕੇਂਦਰ ਦੀ ਸਥਾਪਨਾ ਇਕ ਸ਼ੁਭ ਗੱਲ ਹੈ, ਉਮੀਦ ਹੈ ਕਿ ਇਹ ਕੇਂਦਰ ਪੰਜਾਬ ਬਾਰੇ ਜਲਦੀ ਆਪਣਾ ਨੀਤੀ ਬਿਆਨ ਦੇਵੇਗਾ। ਖਾਲਿਸਤਾਨੀ ਦਹਿਸ਼ਤ ਗਰਦਾਂ ਦੀ ਵਿਰੋਧਤਾ ਆਪਣੇ ਆਪ ਵਿਚ ਕੋਈ ਠੋਸ ਨੀਤੀ ਨਹੀਂ। ਇਹ ਕੰਮ ਕਈ ਪੱਧਰਾਂ ਤੇ ਹਕੂਮਤ ਆਪ ਵੀ ਕਰ ਰਹੀ ਹੈ।

o **ਸਮਤਾ ਦੇ ਸੰਪਾਦਕੀਆਂ** ਵਿਚ ਇਕ ਵਿਸ਼ੇਸ਼ ਲਾਈਨ ਲਈ ਜਾਂਦੀ ਰਹੀ ਹੈ। ਉਹ ਹੈ ਕਿ ਪੰਜਾਬ ਦਾ ਮਸਲਾ ਭਾਰਤੀ ਸਟੇਟ ਦੀਆਂ ਦੀਵਾਲੀਆਂ ਨੀਤੀਆਂ ਦੀ ਦੇਣ ਹੈ। ਖਾਲਿਸਤਾਨੀ ਲਹਿਰ ਪੂਰੀ ਤਰ੍ਹਾਂ, ਧਾਰਮਕ ਮੂਲਵਾਦੀ ਫਾਸ਼ੀ ਲਹਿਰ ਹੈ, ਇਹ ਦੀ ਸਰਗਰਮ ਵਿਰੋਧਤਾ ਜ਼ਰੂਰੀ ਹੈ ਪਰ ਮੁਖ ਜ਼ਿੰਮੇਵਾਰੀ ਭਾਰਤੀ ਸਟੇਟ ਤੇ ਹੀ ਆਂਦੀ ਹੈ। ਸੰਘਰਸ਼ ਭਾਰਤੀ ਸਟੇਟ ਦੇ ਵਿਰੁੱਧ ਹੀ ਬਣਦਾ ਹੈ। ਪੰਜਾਬ ਮਸਲੇ ਫੌਰਨ ਹੱਲ ਦਾ ਆਧਾਰ, ਫੈਡਰਲ ਢਾਂਚਾ, ਜਿਸ ਵਿਚ ਇਲਾਕਾਈ ਖੁਦਮੁਖਤਿਆਰੀ ਸ਼ਾਮਲ ਹੋਣੀ ਚਾਹੀਦੀ ਹੈ, ਹੋ ਸਕਦਾ ਹੈ। ਕਤਲੋ ਗ਼ਾਰਤ ਨੂੰ ਬੰਦ ਕਰਨ ਲਈ ਫੌਰੀ ਗੱਲ ਬਾਤ ਹੋਣੀ ਚਾਹੀਦੀ ਹੈ, ਜਿਸ ਵਿਚ ਸਾਰੀਆਂ ਸਿਆਸੀ ਧਿਰਾਂ ਸ਼ਾਮਲ ਹੋਣ ਤੇ ਉਹਨਾਂ ਨੂੰ ਵਿਸ਼ਵਾਸ਼ ਵਿਚ ਲੈ ਕੇ ਖਾਲਿਸਤਾਨੀ ਧਿਰ ਨੂੰ ਵੀ ਸੱਦਾ ਦਿਤਾ ਜਾਏ ਜਾਂ ਸ਼ਾਮਲ ਕੀਤਾ ਜਾਏ। ਪੰਜਾਬ ਦੀ ਸਿਆਸਤ ਵਿਚ ਖਾਲਿਸਤਾਨੀ ਧਿਰ ਇਕ ਬਕਾਇਦਾ ਥਾਂ ਰੱਖਦੀ ਹੈ ਤੇ ਇਸ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਦੁਨੀਆਂ ਦੇ ਮਸਲੇ ਇਸ ਤਰ੍ਹਾਂ ਹੀ ਹੱਲ ਹੁੰਦੇ ਹਨ ਤੇ ਇਹੀ ਅਸੂਲ ਅਪਣਾਏ ਜਾਂਦੇ ਹਨ। ਸਮਤਾ ਇਹਨਾਂ ਨੀਤੀਆਂ ਨੂੰ ਆਉਣ ਵਾਲੇ ਅੰਕਾਂ ਵਿਚ ਹੋਰ ਵਿਸਥਾਰ ਨਾਲ ਪੇਸ਼ ਕਰਕੇ ਅਗੇ ਲਿਜਾਣਾ ਚਾਹੇਗਾ/ਗੁਰਸ਼ਰਨ ਸਿੰਘ

ਨੋਟ : ਬਹਿਸ਼ ਕਿਉਂਕਿ ਮੁੱਖ ਤੌਰ ਤੇ ਤਿੰਨ ਧਿਰਾਂ ਦੇ ਸਟੈਂਡ ਤੇ ਹੀ ਚੱਲੀ ਸੀ, ਇਸ ਲਈ ਸਾਰੰਸ਼ ਜਾਇਜ਼ਾ ਵੀ ਇਹਨਾਂ ਨੁਕਤਿਆਂ ਉਤੇ ਹੀ ਲਿਆ ਗਿਆ ਹੈ।

o

/ਗ. ਸ.

---

o **ਇਕ ਸਪਸ਼ਟੀਕਰਨ ਬਹਿਸ ਬਾਰੇ** : ਉਤਲੀਆ ਲਾਈਨਾਂ ਜਦੋਂ ਲਿਖੀਆਂ ਜਾ ਚੁੱਕੀਆਂ ਸਨ ਤਾਂ ਸਾਥੀ ਜਸਪਾਲ ਜੱਸੀ ਹੋਰਾਂ ਦੀ ਇਕ ਚਿੱਠੀ ਮਿਲੀ ਹੈ. ਜਿਸ ਵਿਚ ਉਹਨਾਂ ਦਾ ਵਿਚਾਰ ਹੈ ਕਿ ਸਮਤਾ ਵਿਚ ਚਲ ਰਹੇ ਵਿਚਾਰ ਵਟਾਂਦਰੇ ਦੇ ਪ੍ਰਸੰਗ 'ਚ ਸੰਪਾਦਕ 'ਸਮਤਾ' ਤੋਂ ਇਲਾਵਾ ਅਨੇਕਾਂ ਪਾਠਕਾ ਨੇ ਪੰਜਾਬ ਮਸਲੇ ਦੇ ਅੱਡ ਅੱਡ ਪਹਿਲੂਆਂ ਸਬੰਧੀ ਉਹਨਾਂ ਦੀ ਪੁਜ਼ੀਸ਼ਨ ਬਾਰੇ ਵੰਨ ਵੰਨੀ ਦੇ ਸਵਾਲ ਉਠਾਏ ਹਨ। ਉਹ ਇਹਨਾਂ ਨੂੰ ਜੀਅ-ਆਇਆਂ ਕਹਿੰਦੇ ਹਨ ਤੇ ਪਾਠਕਾਂ ਵਲੋਂ ਉਠਾਏ ਹਰ ਸੰਜੀਦਾ ਸੁਆਲ ਦਾ ਬਾਦਲੀਲ ਜੁਆਬ ਦੇਣ ਲਈ ਬਚਨ-ਵੱਧ ਹਨ ਉਹਨਾਂ ਦਾ ਖਿਆਲ ਹੈ ਕਿ ਉਹਨਾਂ ਦੀਆਂ ਪੁਜ਼ੀਸ਼ਨਾਂ ਬਾਰੇ ਅੱਡ ਅੱਡ ਪਾਠਕਾਂ ਵਲੋਂ ਜਿੰਨੇ ਸੁਆਲ ਹੁਣ ਤਕ ਉਠਾਏ ਜਾ ਚੁੱਕੇ ਹਨ, ਉਹਨਾਂ 'ਚੋਂ ਰਹਿੰਦੇ ਸੁਆਲਾਂ ਦਾ ਬਾਦਲੀਲ ਤੇ ਸੰਖੇਪ ਜੁਆਬ ਦੇਣ ਲਈ ਸਮਤਾ ਦਾ ਘਟੋ ਘਟ ਪੂਰਾ ਅੰਕ ਸ਼ਾਇਦ ਕਾਫੀ ਨਾ ਹੋਵੇ। ਸਾਥੀ ਹੋਰਾਂ ਦੀ ਇਸ ਗੱਲ ਦਾ ਸੰਪਾਦਕ ਸਮਤਾ ਨੂੰ ਪੂਰਾ ਅਹਿਸਾਸ ਹੈ। ਸਾਥੀ ਹੋਰਾਂ ਭਾਵੇਂ ਸ਼ਕਾਇਤ ਨਹੀਂ ਕੀਤੀ ਸਗੋਂ ਹੁਣ ਤਕ ਦੀ ਬਹਿਸ ਵਿਚ ਯੋਗ ਥਾਂ ਦੇਣ ਲਈ ਸੰਪਾਦਕ ਦਾ ਧੰਨਵਾਦ ਵੀ ਕੀਤਾ ਹੈ, ਪਰ ਉਤਲੀ ਦੱਸੀ ਮਜਬੂਰੀ ਕਰਨ ਤੇ ਆਪਣੇ ਸਾਧਾਰਨ ਪਾਠਕਾਂ ਦੀ ਮਰਜ਼ੀ ਅਗੇ ਝੁੱਕਦੇ ਹੋਏ ਸਾਨੂੰ ਇਹ ਬਹਿਸ ਬੰਦ ਕਰਨੀ ਪੈ ਰਹੀ ਹੈ, ਪਰ ਪੰਜਾਬ ਮਸਲੇ ਬਾਰੇ ਜ਼ਰੂਰੀ ਨੁਕਤੇ ਜੋ ਉਠਦੇ ਰਹਿਣਗੇ ਤੇ ਕਮਿਊਨਿਸਟ ਇਨਕਲਾਬੀਆਂ ਦੀਆਂ ਵੱਖ ਵੱਖ ਧਿਰਾਂ ਦੇ ਪ੍ਰੈਸ ਬਿਆਨਾਂ ਨੂੰ ਅਤੇ ਨੀਤੀ ਬਿਆਨਾਂ ਨੂੰ ਅਸੀਂ ਲਗਾਤਾਰ ਛਾਪਦੇ ਰਵਾਂਗੇ। ਇਹ ਸਾਡਾ ਵਹਿਦਾ ਰਿਹਾ। ਬਹਿਸ ਨੂੰ ਇਥੇ ਖਤਮ ਕਰਨ ਦੀ ਸਾਡੀ ਮਜਬੂਰੀ ਹੈ।/ਸੰਪਾਦਕ